(ii) Appropriation Accounts of the Punjab Government for 1957-58 and the Audit Report, 1959

(2) Observations/Recommendations contained in paragraph 58 of fifth Report of the Committee (after reconsideration).

SUPPLEMENTARY ESTIMATES (FIRST INSTALMENT), 1959-60 (DISCUSSION ON CHARGED ITEMS)

श्री अध्यक्ष : यह जो charged items हैं इस पर voting तो नहीं हो सकती लेकिन अगर आप इन पर बोलना चाहें तो बोल सकते है। (These charged items cannot be put to the vote of the House. However, the hon. Members may discuss them if they so desire.)

ਸਰਦਾਰ ਭੁਪਿੰਦਰ ਸਿੰਘ ਮਾਨ : ਸਪੀਕਰ ਸਾਹਿਬ, ਇਨ੍ਹਾਂ ਦੇ ਵਿਚ ਕੁਝ miscellaneous items ਹਨ ਔਰ ਕੁਝ courts ਦੀਆਂ decrees ਦੇ ਮੁਤਾਲੱਕ ਹਨ ।

श्री अध्यक्ष : Courts decrees वाली items इकट्ठी ले लें, उसके बाद Locust वाली, Agricultural Improvement वाली इकट्ठी ले लें । फिर उस के बाद State Trading वाली demand ले लें । (All the items relating to court decrees may be taken up together. After that item in respect of Locust Control Scheme and Agricultural Improvement can be discussed together. Last of all they may speak on the demand for State Trading.)

चौधरी धंम सिंह राठी : सब items इकट्ठी ही ले लें ।

श्री अध्यक्ष : आप अगर सब items को इकट्ठा take up करेंगे तो वह procedure के मुताबिक ठीक नहीं होगा । (It would be against the procedure if the House would take up all the items together.)

डाक्टर बलदेव प्रकाश (अमृतसर शहर, पूर्व) : स्पीकर साहिब, court की decrees के बारे में यह जो चार demands House के सामने रखी गई हैं इस में मेरा एतराज़ यह है कि courts की तरफ से जब decrees हुई उस की तारीख नहीं दी गई । इस लिए इस बात का अंदाज़ा नहीं लगाया जा सकता कि यह demands general discussion के वक्त आ सकती थी या नहीं आ सकती थी ।

जो Demand No. 12 है उस में यह लिखा गया है कि सरकार की तरफ से जो appeal की गई थी वह इस लिए dismiss हो गई क्योंकि वह time barred थी । मैं कहता हूं कि जो 14,230 रुपए की demand लाई गई है वह सिर्फ इस लिए आई है कि सरकार ने अपील in time नहीं की । इस reason पर High Court ने वह dismiss कर दी । तो अगर इसी तरीके से सरकार ने जनता का रुपया खर्च करना है जिसे कि बड़ी आसानी से बचाया जा सकता है तो यह जनता के साथ बड़ा भारी अन्याय है और सरकारी खज़ाने पर खामखाह बोझ डालने वाली बात है । मैं समझता हूं कि अगर वक्त पर अपील कर दी जाती तो शायद यह 14,230 रुपए की रकम जो इनको देनी पड़ी है बचाई

[डाक्टर बलदेव प्रकाश]

जा सकती थी और सरकारी खज़ाने को इस का फायदा हो सकता था लेकिन यह time barred होने की वजह से हमें आज जनता से भारी करों द्वारा इकट्ठा किया हुआ रुपया अदा करना और खर्च करना पड़ रहा है। इस के इलावा स्पीकर साहिब, मैं अर्ज़ करना चाहता हूं कि यह जितनी भी ऐसी demands रखी गई हैं उनके बारे में पूरी dates वगैरह नहीं दी गई हैं कि जिन से हमें पता लगे कि कब यह cases courts में गए और फैसले हुए और किस वक्त यह demands House में आनी चाहिए थीं तो मैं अब आप के द्वारा यही निवेदन करना चाहता हूं कि अगर सरकार वक्त पर ध्यान दे तो इस तरीके का खर्च बचाया जा सकता है और सरकारी खज़ाने को फायदा हो सकता है।

चौधरी धर्म सिंह राठी (सम्भालका) : स्पीकर साहिब, मैं ज़्यादा वक्त नहीं लेना चाहता और सिर्फ एक अर्ज़ यह करना चाहता हूं कि गवर्नमैंट ने spirit का ठेका पहले तो M/s Bhagwant Sarup, etc., को दे दिया और उसके बाद representation करने पर वह ठेका श्री इन्द्रजीत को दे दिया गया। लेकिन उसके बाद representation किए या करवाए जाने के बाद वह फिर M/s Bhagwant Sarup को दे दिया गया। मैं यह कहना चाहता हूं कि यह जो इस किस्म की बातें है कि एक से चीज़ ले कर दूसरे को दे देना और फिर उसी को वापस दे देना और representations कर करा कर अपने आदमी की representation मंज़ूर कर लेना और उसको फायदा पहुंचा देना गवर्नमैंट के लिए ठीक बात नहीं है। इस का नतीजा साफ ज़ाहर है और आप सब के सामने है कि यह अब 14,230 रुपए की demand ले कर आ गए हैं और खज़ाने को नुकसान उठाना पड़ रहा है। मैं आपके ज़रिए स्पीकर साहिब इस हकूमत से और खास तौर पर इन वज़ीर साहिबान से कहना चाहता हूं कि आप को ऐसी बातें नहीं करनी चाहिए जो नाजायज़ और गलत हों वरना इनका नतीजा यही होगा जो आज हम देख रहे हैं कि खामखाह 4 हज़ार रुपया जनता का अदा करना पड़ रहा है और हम से supplementary demand पास करवाई जा रही है। इसी तरीके के और भी बहुत से cases हैं कि जहां इस तरह किया गया है लेकिन किसी बिचारे के पास अदालतों में जाने के लिए पैसे नहीं है और किसी को कोई और दिक्कत है वरना उनका नतीजा भी वही हो जो इस case में हुआ है। इस लिए मैं इन से कहना चाहता हूं कि इस किस्म की चीज़ नहीं होनी चाहिए। अगर किसी का कोई हक है वह उसको मिलना चाहिए यह नहीं कि किसी ने represent कर दिया तो उस से उसका हक मारा जाए।

ਸਰਦਾਰ ਰਾਮਦਿਆਲ ਸਿੰਘ (ਲੁਧਿਆਣਾ, ਦਖਣ) : ਸਪੀਕਰ ਸਾਹਿਬ, ਸਫ਼ਾ 5 ਤੇ Demand No. 2 ਵਿਚ 68,540 ਰੁਪਏ ਦਾ provison ਕੀਤਾ ਗਿਆ ਹੈ ਜਿਸਦੀ ਸਾਡੇ ਕੋਲੋਂ ਮੰਜ਼ੂਰੀ ਮੰਗੀ ਜਾ ਰਹੀ ਹੈ। ਇਹ ਚਾਹੇ ਥੋੜੀ ਰਕਮ ਨਜ਼ਰ ਆਉਂਦੀ ਹੈ ਪਰ ਜੇਕਰ ਇਹ ਵੇਖਿਆ ਜਾਵੇ ਕਿ ਇਹ ਡਿਗਰੀ ਦੇ ਤੌਰ ਤੇ ਹੈ ਤਾਂ ਇਹ ਵਾਜਬ ਨਹੀਂ ਲਗਦਾ ਕਿ ਰਾਜਿਆਂ ਮਹਾਰਾਜਿਆਂ ਤੇ ਨਵਾਬਾਂ ਦੀ ਗਲਤੀਆਂ ਤੇ sins ਦੀ ਖਾਤਰ ਪੰਜਾਬ ਦੀ ਜਨਤਾ ਨੂੰ suffer ਕਰਨਾ ਪਵੇ ਅਤੇ ਸਰਕਾਰੀ ਖਜ਼ਾਨੇ ਵਿਚੋਂ ਇਤਨਾ

ਰੁਪਿਆ ਦਿਤਾ ਜਾਵੇ । ਇਸ ਲਈ ਇਹ ਗਲ ਬਹੁਤ ਚੁਭਦੀ ਹੈ ਭਾਵੇਂ ਰਕਮ ਵੇਖਣ ਨੂੰ ਥੋੜੀ ਹੀ ਦਿਸਦੀ ਹੈ । ਗਲ ਇਹ ਹੈ ਕਿ 1932 ਵਿਚ ਨਵਾਬ ਮਾਲੇਰ ਕੋਟਲਾ ਨੇ ਮਸੂਰੀ ਵਿਚ 2 ਮਕਾਨ ਖਰੀਦ ਕੀਤੇ । ਜਿਸ ਕੋਲੋਂ ਉਹ ਮਕਾਨ ਲਏ ਗਏ ਸਨ ਉਸਨੇ ਦਾਵਾ ਕਰਕੇ ਡਿਗਰੀ ਹਾਸਿਲ ਕੀਤੀ ਅਤੇ ਉਸਦੇ ਨਤੀਜੇ ਦੇ ਤੌਰ ਤੇ ਇਹ ਰੁਪਿਆ ਗੌਰਮਿੰਟ ਨੂੰ ਅਦਾ ਕਰਨਾ ਪਿਆ । ਮੇਰੀ ਅਰਜ਼ ਹੈ ਕਿ ਇਹ buildings ਚਾਹੇ ਗੌਰਮਿੰਟ ਦੀਆਂ ਹਨ ਲੇਕਿਨ ਉਨ੍ਹਾਂ ਦੀ utility ਐਨ ਉਸੇ ਤਰ੍ਹਾਂ ਕੋਈ ਨਹੀਂ ਹੈ ਜਿਸ ਤਰ੍ਹਾਂ ਕਿ ਇਨ੍ਹਾਂ ਨੇ ਹੁਣੇ ਜੋ ਮੋਤੀ ਬਾਗ ਪੈਲੇਸ ਖਰੀਦਿਆ ਹੈ ਉਸਦੀ utility ਕੋਈ ਨਹੀਂ ਹੈ । ਮੋਤੀ ਬਾਗ ਪੈਲੇਸ ਦੀ ਬਾਬਤ ਵੀ ਇਥੇ Legislators ਨੇ ਕਾਫੀ ਰੌਲਾ ਪਾਇਆ ਫੇਰ ਵੀ ਇਸ ਵਿਚ ਲਖਾਂ ਰੁਪਏ concession ਦੇ ਤੌਰ ਤੇ ਦਿਤੇ ਗਏ ਹਨ । ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਇਸ ਗੌਰਮਿੰਟ ਦੇ ਹੁੰਦੇ ਹੋਏ ਜਿਹੜੀ ਕਿ socialist pattern of society ਕਾਇਮ ਕਰਨ ਦਾ ਦਾਵ੍ਹਾ ਕਰਦੀ ਹੈ ਅਤੇ co-operative farming ਦੀ ਹਾਮੀ ਹੈ ਇਹ ਡਿਗਰੀ ਦੀ ਰਕਮ ਜੋ ਕਿ ਇਕ ਨਵਾਬ ਦੇ ਸਿਲਸਿਲੇ ਵਿਚ ਹੈ ਦੇਣੀ ਚੁਭਦੀ ਹੈ ....

श्री अध्यक्ष : Court की तरफ से erstwhile Pepsu Government पर decree हुई थ. तो इस में इस Government का क्या ताल्लुक है ? The Government did not ask the High Court to award the decree against it. आखिर कुछ तो relevancy होनी चाहिए ।(The court awarded a decree against the erstwhile Pepsu Government. How is this Government connected with it. The G vernment did not ask the High Court to award a decree against it. After all, there must be some relevancy.)

ਸਰਦਾਰ ਰਾਮਦਿਆਲ ਸਿੰਘ : ਪਰ ਨਵਾਬ ਮਾਲੇਰ ਕੋਟਲਾ ਦੇ ਜੋ descendants ਹਨ.....

Mr. Speaker : Neither this Government nor its predecessor did exist at the time of transaction.

ਸਰਦਾਰ ਰਾਮਦਿਆਲ ਸਿੰਘ : ਲੇਕਿਨ ਇਕ ਗਲ ਤਾਂ ਹੋ ਸਕਦੀ ਹੈ ਕਿ ਨਵਾਬ ਮਾਲੇਰ ਕੋਟਲਾ ਦੇ ਜੋ descendants ਹਨ ਉਨ੍ਹਾਂ ਉਪਰ ਇਹ....

Mr. Speaker : But tell me, can you refuse this decree? Please be relevant.

ਸਰਦਾਰ ਰਾਮਦਿਆਲ ਸਿੰਘ : ਮੈਂ ਤਾਂ ਇਹੋ ਅਰਜ਼ ਕਰ ਰਿਹਾ ਸੀ ਕਿ ਇਹ ਰਕਮ ਉਸ ਦੀ personal property ਤੋਂ ਵਸੂਲ ਕੀਤੀ ਜਾ ਸਕਦੀ ਸੀ ਅਤੇ ਗੌਰਮਿੰਟ ਤੇ ਇਹ ਬੋਝ ਨਹੀਂ ਪਾਇਆ ਜਾਣਾ ਚਾਹੀਦਾ ਸੀ ।

श्री इन्द्र सिंह (जींद, जनरल) : जनाब Agricultural improvement and reserach की demand के नीचे 14.54 लाख रुपया reclamation of land के लिये रखा गया है जिस से 14 हज़ार एकड़ ज़मीन reclaim की जानी है यानी एक एकड़ ज़मीन पर 100 रुपया खर्च किया जाएगा। इस स्कीम के लिए पहले Pepsu के 2nd Five-Year Plan में भी 13 लाख रुपए का provision था और........

ਸਰਦਾਰ ਉਮਰਾਉ ਸਿੰਘ : ਸਪੀਕਰ ਸਾਹਿਬ, ਇਹ ਤਾਂ ਅਗਲੀ demand ਤੇ ਚਲੇ ਗਏ ਹਨ.........

श्री अध्यक्ष : मेरी ख्वाहिश है कि हम इन demands को one by one take up करें। मैं चौधरी इन्द्र सिंह जी आप को उस demand के आने पर call कर लूंगा। (I feel that we should take up these demands one by one. I will call the hon. Member Chaudhri Inder Singh when that demand is taken up.)

40—AGRICULTURE DEMANDS FOR SUPPLEMENTARY GRANTS

Minister for Finance (Dr. Gopi Chand Bhargava) : Sir, I beg to move—

> That a supplementary sum not exeeeding Rs. 1,90,500 be granted to the Governor to defray the charges that will come in course of payment for the year ending the 31st March, 1960, in respect of 40—Agriculture.

Mr. Speaker: Motion moved—

> That a supplementary sum not exceeding Rs 1,90,500 be granted to the Governor to defray the charges that will come in course of payment for the year ending the 31st March, 1960, in respect of 40—Agriculture.

ਸਰਦਾਰ ਗੁਰਮੀਤ ਸਿੰਘ 'ਮੀਤ' (ਬਾਘਾ ਪੁਰਾਣਾ, ਜਨਰਲ) : ਸਪੀਕਰ ਸਾਹਿਬ, locust (ਟਿੱਡੀ) ਦੇ control ਬਾਰੇ ਜੋ ਇਹ demand ਆਈ ਹੈ ਇਸ ਵਿਚ 1,90,500 ਰੁਪਏ ਦਾ provision ਕੀਤਾ ਗਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਸਾਡੇ ਲੋਕਲ ਜ਼ਰਾਇਤ ਇਨਸਪੈਕਟਰਾਂ ਦੇ ਪਾਸ ਅਜ ਤਕ ਫਸਲਾਂ ਨੂੰ ਇਨ੍ਹਾਂ ਬੀਮਾਰੀਆਂ ਤੋਂ ਬਚਾਉਣ ਲਈ ਬਹੁਤ ਘਟ equipment ਤੇ ਸਾਮਾਨ ਸੀ। ਇਹ ਵੀ ਜੋ ਰਕਮ ਰਖੀ ਗਈ ਹੈ ਮੈਂ ਸਮਝਦਾ ਹਾਂ ਕਿ ਬਹੁਤ ਥੋੜੀ ਹੈ ਅਤੇ ਇਸ ਨਾਲ ਉਹ ਪੂਰੀ ਤਰ੍ਹਾਂ ਇਸ ਦਾ ਮੁਕਾਬਿਲਾ ਨਹੀਂ ਕਰ ਸਕਦੇ। ਫੇਰ ਵੀ ਜੋ demand ਆਈ ਹੈ ਇਸ ਦੇ ਅੰਦਰ ਰਹਿੰਦੇ ਹੋਏ ਅਸੀਂ ਇਸ ਰੁਪਏ ਨੂੰ ਖਰਚ ਕਰਕੇ ਟਿੱਡੀ ਦਾ ਮੁਕਾਬਿਲਾ ਕਰਨਾ ਹੈ ਤੇ ਫਸਲਾਂ ਨੂੰ ਬਚਾਣਾ ਹੈ। ਮਹਿਕਮੇ ਦੀ ਇਤਲਾਹ ਹੈ ਕਿ ਬੜੇ ਬੜੇ ਟਿੱਡੀ ਦਲ ਰਾਜਸਥਾਨ ਦੇ ਸੂਬੇ ਵਿਚ ਜੈਸਲਮੇਰ ਵਗੈਰਾ ਵਿਚ ਆਏ ਹਨ। ਗੁੜਗਾਉਂ ਦੀ ਇਤਲਾਹ ਦੇ ਮੁਤਾਬਿਕ ਪੰਜਾਬ ਵਿਚ ਵੀ ਇਨ੍ਹਾਂ ਦੀ ਆਮਦ ਸ਼ੁਰੂ ਹੋ ਗਈ ਹੈ। ਇਨ੍ਹਾਂ ਹਾਲਾਤ ਵਿਚ ਮੈਂ ਸਮਝਦਾ ਹਾਂ ਕਿ ਜੋ ਰਕਮ ਪਰਵਾਨ ਕੀਤੀ ਗਈ ਹੈ ਬਹੁਤ ਨਾਕਾਫੀ ਹੈ ਅਤੇ ਸ਼ਾਇਦ ਅਸੀਂ ਇਸ ਨਾਲ ਪੂਰਾ ਮੁਕਾਬਿਲਾ ਨਹੀਂ ਕਰ ਸਕਦੇ। ਲੇਕਿਨ ਫੇਰ ਵੀ ਜਿਤਨਾ ਰੁਪਿਆ ਸਾਡੇ ਕੋਲ ਹੈ ਉਸਦੀ ਪਰਵਾਨਗੀ ਕਰਨ ਤੋਂ ਬਾਅਦ ਇਹ ਸਕੀਮ

ਕਾਗਜ਼ਾਂ ਤੇ ਨਹੀਂ ਰਹਿਣੀ ਚਾਹੀਦੀ ਬਲਕਿ ਛੇਤੀ ਤੋਂ ਛੇਤੀ ਮਸ਼ੀਨਰੀ ਤੇ ਦਵਾਈਆਂ ਖਰੀਦਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਜਲਦੀ ਤੋਂ ਜਲਦੀ ਇਹ ਸਾਰੀ ਮਸ਼ੀਨਰੀ ਤੇ ਦਵਾਈਆਂ ਲੋਕਲ ਜ਼ਰਾਇਤ ਇਨਸਪੈਕਟਰਾਂ ਪਾਸ ਪਹੁੰਚੇ । ਮੈਂ ਸਪੀਕਰ ਸਾਹਿਬ, ਆਪਦੀ ਰਾਹੀਂ ਇਕ ਹੋਰ ਸੁਝਾਓ ਮਿਨਿਸਟਰ ਸਾਹਿਬ ਨੂੰ ਦੇਣੀ ਚਾਹੁੰਦਾ ਹਾਂ ਅਤੇ ਉਹ ਇਹ ਹੈ ਕਿ ਜਿਸ ਤਰ੍ਹਾਂ Tehsil Head quarters ਤੇ ਜਾਂ District level ਉਪਰ ਸਾਡੇ ਅਫਸਰ ਸਾਹਿਬਾਨ ਵਲੋਂ ਸਰਕਾਰ ਦੇ ਮਜ਼ਬੂਰ ਕਰਨ ਉਪਰ ਮੈਂ—ਮਜ਼ਬੂਰ ਨਹੀਂ—ਕਹਿੰਦਾ—ਜਾਂ ਸਰਕਾਰ ਦੀ ਪ੍ਰੇਰਨਾ ਕਰਨ ਤੇ red cross ਪ੍ਰਾਚੀਨ ਕਲਾ ਕੇਂਦਰ ਤੇ Governors XI ਜਾਂ ਦੂਜੀ ਟੀਮਾਂ ਦੇ ਮੈਚਾਂ ਲਈ ਕਿਸਾਨਾਂ ਕੋਲੋਂ ਰੁਪਿਆ ਇਕਠਾ ਕੀਤਾ ਜਾਂਦਾ ਹੈ ਉਸ ਦੀ ਬਜਾਏ ਮੈਂ ਦਰਖਾਸਤ ਕਰਦਾ ਹਾਂ ਕਿ ਚੂੰਕਿ ਇਸ ਵਕਤ ਪੈਦਾਵਾਰ ਵਧਾਣ ਦਾ ਸਭ ਤੋਂ ਬੜਾ ਮਸਲਾ ਹੈ ਅਤੇ ਫੇਰ ਇਨ੍ਹਾਂ ਫਸਲਾਂ ਨੂੰ ਬੀਮਾਰੀਆਂ ਅਤੇ ਟਿੱਡੀ ਦਲਾਂ ਤੋਂ ਬਚਾਉਣ ਦਾ ਮਸਲਾ ਬਹੁਤ ਅਹਿਮ ਹੈ ਇਸ ਲਈ ਉਨ੍ਹਾਂ ਕੰਮਾਂ ਲਈ ਕਿਸਾਨਾਂ ਕੋਲੋਂ ਪੈਸਾ ਲੈਣ ਦੀ ਬਜਾਏ ਇਸ ਗਲ ਤੇ ਜ਼ੋਰ ਦਿਤਾ ਜਾਵੇ ਅਤੇ ਉਨ੍ਹਾਂ ਨੂੰ ਟਿੱਡੀ ਦਾ ਮੁਕਾਬਲਾ ਕਰਨ ਲਈ equipment ਤੇ ਦੂਜੀ ਹੋਰ ਮਸ਼ੀਨਰੀ ਖਰੀਦਣ ਲਈ ਪ੍ਰੇਰਨਾ ਕੀਤੀ ਜਾਵੇ । ਅਗੇ ਕੁਝ ਰੁਪਏ ਦੀ subsidy ਨਾਲ ਕਿਸਾਨਾਂ ਨੂੰ ਅਧੇ ਰੇਟ ਤੇ spray pump ਦਿਤੇ ਹਨ, ਲੇਕਿਨ ਉਹ ਇਕ ਇਕ pump ਦੋ ਦੋ ਆਦਮੀਆਂ ਦੇ ਹਿਸੇ ਆਇਆ ਹੈ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਜ਼ਿਆਦਾ subsidy ਪਰਵਾਨ ਕਰੇ ਤਾਂ ਜੋ spray ਕਰਨ ਦੀ ਮਸ਼ੀਨਰੀ ਦੇ ਬਾਰੇ ਜ਼ਿਆਦਾ ਸਹੂਲਤਾਂ ਦਿੱਤੀਆਂ ਜਾਣ ।

ਸਰਦਾਰ ਉਮਰਾਓ ਸਿੰਘ (ਨਕੋਦਰ, ਜੇਨਰਲ) : ਸਪੀਕਰ ਸਾਹਬ, ਅੱਜ ਤੋਂ 10 ਸਾਲ ਪਹਿਲੇ 1949 ਵਿਚ ਜਦੋਂ ਇਸ ਸੂਬੇ ਵਿਚ locust ਆਈ ਸੀ ਤਾਂ ਉਦੋਂ ਦਾ ਤਜਰਬਾ ਹੈ ਕਿ ਜਿਸ ਇਲਾਕੇ ਵਿਚ locust ਆਈ ਉਥੇ ਏਨੀ ਜ਼ਿਆਦਾ ਤਬਾਹੀ ਆਈ ਕਿ ਜ਼ਮੀਂਦਾਰ ਪੰਜ ਸਾਲ ਤਕ ਆਪਣੇ ਪੈਰਾਂ ਤੇ ਖਲੋ ਨਹੀਂ ਸਕੇ । ਇਸ ਲਈ ਮੈਂ ਸਮਝਦਾ ਹਾਂ ਕਿ ਸਾਨੂੰ locust ਦਾ ਮੁਕਾਬਲਾ war level ਤੇ ਕਰਨਾ ਚਾਹੀਦਾ ਹੈ ਔਰ ਇਸ ਵਾਸਤੇ ਤਿੰਨ ਹਜ਼ਾਰ ਰੁਪਏ ਦੀ ਜੋ ਦਵਾਈ ਖਰੀਦਣੀ ਹੈ ਮੈਂ ਸਮਝਦਾ ਹਾਂ ਇਹ ਕਾਫ਼ੀ ਨਹੀਂ । ਏਸ ਲਈ ਲੋਗਾਂ ਨੂੰ ਪੂਰੇ ਤਰੀਕੇ ਨਾਲ plan ਬਣਾ ਕੇ ਔਰ ਵਧ ਤੋਂ ਵਧ ਲੋਗਾਂ ਨੂੰ ਏਸ ਨਾਲ associate ਕਰਕੇ ਸਾਰੀਆਂ ਜਥੇਬੰਦੀਆਂ, welfare organisations, schools ਔਰ colleges ਨੂੰ associate ਕਰਕੇ locust ਨੂੰ ਮਾਰਨ ਦੀ training ਦੇਣੀ ਚਾਹੀਦੀ ਹੈ । ਇਹ training ਹੁਣ ਤੋਂ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਤਾਕਿ ਇਹ ਨਾ ਹੋਵੇ ਕਿ ਉਧਰੋਂ locust ਦਾ ਹਮਲਾ ਹੋ ਜਾਵੇ ਔਰ ਇਧਰ lecture ਸ਼ੁਰੂ ਹੋ ਜਾਣ ਕਿ ਕਿਸ ਤਰੀਕੇ ਨਾਲ locust ਮਾਰੀ ਜਾਂਦੀ ਹੈ । ਸਪੀਕਰ ਸਾਹਬ, locust ਜਿਸ ਖੇਤ ਵਿਚ ਇਕ ਦਿਨ ਬੈਠ ਜਾਏ ਉਹ ਸਾਰਾ ਖੇਤ ਤਬਾਹ ਹੋ ਜਾਂਦਾ ਹੈ, ਕਖ ਨਹੀਂ ਬਚਦਾ । ਏਸ ਲਈ ਵਕਤ ਤੇ ਇਸ ਦੀ ਰੋਕ ਥਾਮ ਨਾ ਕੀਤੀ ਜਾਏ ਤਾਂ ਸਭ ਕੁਛ useless ਬਣ ਜਾਂਦਾ ਹੈ । ਪਿਛਲੀ ਵਾਰ ਜਦੋਂ locust ਪੰਜਾਬ ਵਿਚ ਆਈ ਤਾਂ ਉਸ ਤੋਂ ਬਾਅਦ ਤਿਆਰੀ ਸ਼ੁਰੂ ਕੀਤੀ ਗਈ ਕਿ ਕਿਸ ਤਰੀਕੇ ਨਾਲ locust ਨੂੰ ਮਾਰਿਆ ਜਾਏ ਔਰ ਉਸ ਵਕਤ pamphlet ਵੰਡਣੇ ਸ਼ੁਰੂ ਕੀਤੇ ਗਏ । ਇਸ ਲਈ ਮੈਂ ਕਹਾਂਗਾ ਕਿ ਹੁਣ ਤੋਂ ਤਿਆਰੀ ਸ਼ੁਰੂ ਕਰਨੀ ਚਾਹੀਦੀ ਹੈ ਤਾਕਿ ਉਸ ਵਕਤ ਨਾ ਲੋਗਾਂ

[ਸਰਦਾਰ ਉਮਰਾਓ ਸਿੰਘ]

ਨੂੰ ਦਸਣਾ ਪਵੇ ਜਦੋਂ locust ਆ ਜਾਏ । ਫੇਰ ਕੋਈ ਫਾਇਦਾ ਨਹੀਂ ਹੋਵੇਗਾ । ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਉਂਕਿ ਜ਼ਮੀਨਾਂ ਦਾ ਬੜਾ ਨੁਕਸਾਨ ਹੁੰਦਾ ਕਿਹਾ ਹੈ ਇਸ ਲਈ crop insurance scheme ਨੂੰ ਛੇਤੀ ਲਾਗੂ ਕੀਤਾ ਜਾਏ ਤਾਕਿ ਜ਼ਮੀਂਦਾਰਾਂ ਨੂੰ ਏਸ ਕਿਸਮ ਦੀ ਤਬਾਹੀ ਤੋਂ ਬਚਾਇਆ ਜਾ ਸਕੇ ।

ਜ਼ਰਾਇਤ ਅਤੇ ਜੰਗਲਾਤ ਮੰਤਰੀ (ਗਿਆਨੀ ਕਰਤਾਰ ਸਿੰਘ) : ਸਪੀਕਰ ਸਾਹਬ, locust ਨਾਲ ਤਬਾਹੀ ਔਰ ਬਰਬਾਦੀ ਦੇ ਮੁਤੱਲਕ ਅਸੀਂ ਪੂਰੀ ਤਰ੍ਹਾਂ ਫ਼ਿਕਰਮੰਦ ਹਾਂ । ਪਿਛਲੀ ਦਫ਼ਾ ਜਦੋਂ ਪੰਜਾਬ ਵਿਚ locust ਨਾਲ ਤਬਾਹੀ ਹੋਈ ਸੀ ਤਾਂ ਡਾਕਟਰ ਗੋਪੀ ਚੰਦ ਜੀ ਚੀਫ਼ ਮਿਨਿਸਟਰ ਸਨ ਔਰ ਮੇਰੇ ਕੋਲ ਡਿਵਲਪਮੈਂਟ ਦਾ ਮਹਿਕਮਾ ਸੀ । ਅਸੀਂ ਉਸ ਵਕਤ locust ਦਾ ਮੁਕਾਬਲਾ ਕੀਤਾ । ਸਪੀਕਰ ਸਾਹਬ, ਇਹ ਤਾਂ ਨਾਮੁਮਕਿਨ ਹੈ ਕਿ ਬਹੁਤ ਵਡੇ ਪੈਮਾਨੇ ਤੇ ਤੂਫਾਨ ਆਏ ਔਰ ਥੋੜਾ ਜਿਹਾ ਵੀ ਨੁਕਸਾਨ ਨਾ ਹੋਵੇ ਲੇਕਿਨ ਸਾਡੀ ਕੋਸ਼ਸ਼ ਇਹੋ ਹੈ ਕਿ ਘਟੋ ਘਟ ਨੁਕਸਾਨ ਹੋਵੇ । ਪਿਛਲੀ ਵਾਰੀ ਜਦੋਂ ਇਹ ਤਬਾਹੀ ਹੋਈ ਤਾਂ ਅਸੀਂ ਪੂਰੀ ਤਰ੍ਹਾਂ ਇਸ ਦਾ ਮੁਕਾਬਲਾ ਕੀਤਾ, ਚੁਨਾਂਚੇ ਹੁਸ਼ਿਆਰਪੁਰ ਜ਼ਿਲਾ ਵਿਚ ਬੜੇ ਜ਼ੋਰ ਨਾਲ locust ਦਾ attack ਹੋਇਆ ਔਰ ਇਸ ਦਾ ਮੁਕਾਬਲਾ ਕਰਨ ਲਈ ਨਵੀਂ ਨਵੀਂ institution ਬਣੀ ਸੀ ਇਸ ਲਈ ਅਫ਼ਸਰ ਲੋਗਾਂ ਨੂੰ locust ਮਾਰਨੀ ਤੇ ਮਜਬੂਰ ਕਰਨ ਤੋਂ ਡਰਦੇ ਸੀ। ਖੈਰ ਮੈਨੂੰ ਇਸ ਗਲ ਦਾ ਪਤਾ ਲੱਗਾ ਮੈਂ ਗਵਰਨਰ ਸਾਹਬ ਨੂੰ ਸੂਚਤ ਕੀਤਾ ਔਰ ਨਤੀਜਾ ਇਹ ਹੋਇਆ ਕਿ ਤਿੰਨ ਦਿਨਾਂ ਦੇ ਅੰਦਰ ਅੰਦਰ ਕਾਨੂੰਨ ਬਣ ਗਿਆ ਜਿਸ ਦੇ ਰਾਹੀਂ labour compulsory ਕਰ ਦਿੱਤੀ ਗਈ ਔਰ ਸਾਰੀ administrative machinery ਨੂੰ ਪਰੇਰਿਆ ਗਿਆ । S. D. O., Tehsildars, B.D.Os., ਐਗਰੀਕਲਚਰ ਦੇ ਅਫ਼ਸਰ, co-operative department ਦੇ ਅਫ਼ਸਰ ਗਰਜ਼ਕਿ ਸਾਰੇ ਮਹਿਕਮਿਆਂ ਦੇ ਅਫ਼ਸਰਾਂ ਨੂੰ mobilise ਕੀਤਾ ਗਿਆ ਕਿ ਉਹ locust ਨੂੰ ਮਾਰਨ ਔਰ ਫ਼ਸਲਾਂ ਨੂੰ ਤਬਾਹੀ ਤੋਂ ਬਚਾਉਣ । ਏਸ ਲਈ ਮੈਂ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਇਸ ਦੇ ਮੁਤੱਲਕ ਪੂਰੀ ਤਰ੍ਹਾਂ ਫ਼ਿਕਰਮੰਦ ਰਹਾਂਗੇ ਔਰ ਮੈਂਬਰ ਸਾਹਿਬਾਨ ਵਲੋਂ ਕਹੀਆਂ ਗਈਆਂ ਗੱਲਾਂ ਦਾ ਧਿਆਨ ਰਖਾਂਗੇ ।

Mr. Speaker: Question is—

That the supplementary sum not exceeding Rs. 1,90,500 be granted to the Governor to defray the charges that will come in course of payment for the year ending the 31st March, 1960, in respect of 40—Agriculture.

The motion was carried.

57—MISCELLANEOUS

Minister for Finance (Dr. Gopi Chand Bhargava): Sir, I beg to move—

That a supplementary sum not exceeding Rs. 2,08,000 be granted to the Governor to defray the charges that will come in course of payment for the year ending the 31st March, 1960, in respect of 57—Miscellaneous.

Mr. Speaker : Motion moved—

That a supplementary sum not exceeding Rs. 2,08,000 be granted to the Governor to defray the charges that will come in course of payment for the year ending the 31st March, 1960, in respect of 57—Miscellaneous.

Mr. Speaker : Question is—

That the supplementary sum not exceeding Rs. 2,08,000 be granted to the Governor to defray the charges that will come in course of payment for the year ending the 31st March, 1960, in respect of 57—Miscellaneous.

The motion was carried

71—CAPITAL OUTLAY ON SCHEMES OF AGRICULTURAL IMPROVEMENT AND RESEARCH

Minister for Finance (Dr. Gopi Chand Bhargava) : Sir, I beg to move—

That a supplementary sum not exceeding Rs. 14,54,000 be granted to the Governor to defray the charges that will come in course of payment for the year ending the 31st March, 1960, in respect of 71—Capital Outlay on Schemes of Agricultural Improvement and Research.

Mr. Speaker : Motion moved—

That a supplementary sum not exceeding Rs. 14,54,000 be granted to the Governor to defray the charges that will come in course of payment for the year ending the 31st March, 1960, in respect of 71—Capital Outlay on Schemes of Agricultural Improvement and Research.

श्री इन्द्र सिंह (जींद) : अध्यक्ष महोदय, मैं इस demand की मुखालफत करने के लिए खड़ा नहीं हुआ लेकिन मुझे सैद्धान्तिक रूप से कुछ इख्तलाफ हैं जो कि मैं आप की मार्फत वज़ीर साहब के नोटिस में लाना चाहता हूं। इस demand में 14 लाख रुपये की रकम रखी है और इस से 14 हज़ार एकड़ ज़मीन reclaim की जायगी। इस के मुताबिक एक एकड़ ज़मीन पर 100 रुपया खर्च पड़ता है। जहां तक हमारा पैप्सू का तजरुबा है उस में mechanical process के ज़रिया से land reclaim की गई है और खास कर पटियाला ज़िला में यह process काफ़ी ज़्यादा इस्तेमाल में लाया गया। इस सिलसिला में 1956 में 17 हज़ार रुपये का scandal हुआ और U.P.C.C. और Alcock Mohatta Co. के ज़रिया ज़मीन reclaim की गई थी। उन के साथ 6 रुपये से 9 रुपये फी बीघा का agreement हुआ था। लेकिन अब हम देखते हैं कि उस में scandals भी शामिल थे। 16,00 रुपये का हेर फेर हुआ। वह agreement revise किया गया फिर भी 9 रुपये फी बीघा से ज़्यादा नहीं दिया। जहां 100 रुपये फी एकड़ लिया जाए तो यह 17 या 18 रुपये बीघे का हिसाब पड़ता है—यानी ऐसे scandals को बड़े scandals बनाने की कोशिश की जा रही है। मैं मानता हूं कि आज देश में food की बड़ी भारी problem है। देश के लिये foreign exchange को बचाने का मसला है ताकि दूसरी तरक्की हो सके। लेकिन इस का मतलब यह नहीं कि पंजाब का लाखों रुपया एक या दो firms के ज़रिये बरबाद किया जाए। मेरा सुझाव है कि अगर land को reclaim करना है—पंजाब में पांच छः ज़िलों में reclaim करना है, तो इस काम के लिये रुपया दिया गया है, उन ज़िलों में manual labour की कमी नहीं अगर यह काम manual labour से करवाया जाए और Co-operative Societies form कर के करवाया जाए तो न सिर्फ reclamation

[श्री इन्द्र सिंह]

की problem और food की problem ही हल होंगी बल्कि बेरोज़गारी का भी बड़ा भारी हल होगा। मैं मानता हूं कि इस machinery के ज़माने में lower class के लिए जो गरीब लोग हैं उन्हें रोज़गार नहीं मिलता। इस महंगाई के जमाने में उन्हें मुश्किल से गुज़र औकात करना पड़ता है। अगर साढ़े चौदह लाख रुपये की रकम उन की disposal पर रख दी जाए तो उन्हें बहुत फायदा होगा। सरकार scandals न होने दे और इस तरह एक बड़े section के लिये रोज़गार दे। जहां food का मसला है वहां यह मसला भी है। मैं इतनी गुजारिश करूंगा कि mechanical process से Pepsu के अंदर जो बातें हुई उन के तजरुबात को मद्देनज़र रखते हुए हमें यह कोशिश करनी चाहिये कि manual labour को exploit करें जो पंजाब में बहुतात से, अकसरियत से available होती है। डाक्टर भार्गव साहब तो खादी में और ऐसे कामों में विश्वास रखते हैं, उम्मीद है वह इस तरफ ध्यान देंगे क्योंकि इस से एक एक पैसा ज़्यादा आदमियों में तकसीम होगा। खादी का भी यही मकसद होता है जिस के Board के वह Member हैं। इस मामले में भी ऐसा किया जाए ताकि ज़्यादा आदमियों को रोज़गार मिले। Mechanical reclamation की बजाए manual labour से Co-operative Societies के ज़रिये काम करें, इस में ज़्यादा से ज्यादा आदमियों को शामल करें ताकि उन को फायदा हो।

चौधरी धर्म सिंह राठी (संभालका) : स्पीकर साहिब, जहां तक इस demand का ताल्लुक है, यह बहुत अच्छी चीज़ है, waste land ज़रूर reclaim होनी चाहिए। खास तौर पर उन इज़ला में, जिन का इस demand के explanatory note में ज़िक्र किया गया है, उन में waste land ज़्यादा area में है। यह area 14,000 एकड़ है। साढ़े चौदह लाख रुपये की यह रकम कोई बड़ी नहीं है। यह रकम कुछ इलाकों के लिये रखी गई है। उन ज़िलों में पता नहीं क्या schemes हैं, इस के अंदर कोई ज़िक्र नहीं। मुझे जो खदशा है वह खसूसन करनाल के लिए है। ज़िला करनाल का ज़िक्र explanatory note में आया है। 14,000 एकड़ ज़मीन reclaim करनी है। ज़िला हिसार और लुधियाना वगैरह का ज़िक्र भी किया गया है। मुझे शक है कि कहीं गूहला, कैथल, पानीपत और करनाल के इलाके न छोड़ दें। इस में यह लफ्ज़ लिखे गए हैं:—

"Only the land of those landowners/occupiers will be reclaimed who submit in writing that they will follow up cultivation immediately after reclamation."

यह कहना कि वे लिख कर देंगे मुझे इस में अंदेशा दिखाई देता है। जिन की ज़मीन reclaim करनी है उन से पहले लिखवा कर ले लेंगे। वे खास खास आदमी खास आदमियों के होंगे। उन को फायदा पहुंचाने की ही बात न हो, बाद में उस ज़मीन की cultivation ज़रूर हो। अगर यह महकमा ज्ञानी करतार सिंह जी या राड़ेवाला के पास हो तो मैं समझता कोई अंदेशे की बात नहीं, मुझे बिल्कुल अंदेशा नहीं रहेगा। लेकिन अगर यह

महकमा किसी और के पास है तो मुझे ज़रूर अंदेशा है। अगर यह महकमा हमारे Chief Minister साहब के पास है तो मुझे पूरा अंदेशा है क्योंकि गूहला में उन्होंने अपने रिश्तेदार बसाए हुए हैं। कहीं यह पैसे उन को न दे दिये जाएं। इस लिये मुझे अंदेशा है कि इस के अंदर कोई ऐसी बात न हो, ज़िला करनाल में ऐसे आदमियों को पैसे न दे दिये जाएं जो खास खास आदमियों के खास आदमी हों। उधर ज़मीनें दे दीं और इधर पैसे दे दिये कि खाओ और कमाओ। ये supplementary estimates हम से पास करा कर खास आदमियों के लिए पैसे न दिए जाएं। मुझे ऐसा खदशा है, स्पीकर साहब, मुझे यकीन है इस रुपये का गलत इस्तेमाल होगा, यह उन को दिया जाएगा जो deserve नहीं करते।

इस के इलावा जहां तक इस बात का ताल्लुक है यह मदद सिर्फ application submit करने वालों को ही न दी जाए। यह देखे कि कहां कहां land reclaim करने की ज़रूरत है वहां reclaim करवाएं। तो जब यह देखा जाए कि यह ज़मीन reclaimable है, यह reclaim होनी चाहिए, उस के owner से लिखवा कर लिया जाए कि वह जमीन reclaim होने के बाद immediately cultivate करेगा, foodgrains पैदा करेगा। यह कहते हैं कि उन की ज़मीन reclaim करेंगे जो पहले applications देंगे। देहाती लोग अनपढ़ हैं। उन को पता ही नहीं कि इस किस्म की कोई scheme है। मैं यह अर्ज करना चाहता हूं कि यह general चीज़ होनी चाहिए कि जो जमीन काबले reclamation है उस को reclaim किया जाए और उस के मालक से लिखवा लेना चाहिए कि मैं इसे cultivate करूंगा। (घंटी) मैं ज्यादा न कहते हुए अर्ज़ करूंगा कि मेरे इलाके की ज़मीनें जो काबले काश्त नहीं, waste पड़ी हैं उन सब को इस तरीके से reclaim करने की scheme होनी चाहिए और वे reclaim होनी चाहिए।

Raja Bhalindra Singh (Patiala) : Mr. Speaker, Sir, I have stood up to support this demand of Rs. 14,54,000 for the reclamation of the proposed 14,000 acres of waste land in the Punjab.

In this connection, I have only one or two points to suggest to Government.

In deciding as to who is to reclaim land, they should be a bit careful. Previously, in Pepsu a large area of land was reclaimed by various companies. To-day there is a feeling among certain Members against reclamation and it is mainly because of what happened in Pepsu. I would suggest that the Agriculture Department should be very careful while giving the reclamation work to companies. They should see as to whom they are allotting this work.

There should be no two opinions about the usefulness of reclamation of waste land. This sum of Rs. 14½ lakhs is insignificant as compared to the quantity of foodgrains that is likely to be produced and the ultimate benefit of those foodgrains that would accrue to the State.

[Raja Bhalindra Singh]

I have visited a number of villages where land reclamation was going on and I feel that the Punjab peasantry generally wants this land reclamation to take place. There are very few people among the peasantry who are against it. But what has happened is that a certain area which has been reclaimed was *Kallar* or saline land. That is a big mistake which was made in Pepsu. I know of vast tracts of land which were reclaimed at a considerable expense. But if you go there, you will see that that land is exactly the same as it was when the reclamation operations were undertaken there. I would, therefore, suggest that the Agriculture Department should keep this point in view. They should ensure that the officials who are deputed to select waste land for reclamation select only that land which is not saline or which is not liable to become waste land after money has been spent on its reclamation.

श्री मंगल सैन (रोहतक) : यह जो supplementary demand आज हमारे सामने है इस विषय में सर्व प्रथम मैं यह कहना चाहता हूं कि 14,000 एकड़ जमीन जो reclaim की जाएगी उस में 4,660 टन अन्न पैदा हो सकता है। यह चीज़ पहली पंच वर्षीय योजना में भी include की गई थी। आज सारे देश में अनाज की किल्लत है और इस कारण से हाहाकार मचा हुआ है, जनता में परेशानी है, मुनाफाखोर तबका मुनाफा कमाता है। ना मालूम इस लाभकारी योजना को क्यों drop कर दिया गया था। ना मालूम सरकार जनता के हित की चीज़ों को क्यों drop कर देती है ? अब इस धरती को फिर से उपजाऊ बनाने के लिये यदि मशीनों को प्रयोग में लाया जायेगा तो वह हमारे देश के लिये इतना लाभकारी नहीं होगा। यदि मशीनों के स्थान पर मज़दूर लोगों को जो कि मेहनत करना चाहते हैं और इस काम से भली भांति वाकिफ हैं इस काम पर लगाया जाए तो इस से बहुत लाभ होगा। एक तो यह कि आज कल बेकारी का भूत जो कि मुंह बाए हमारे देश में बढ़ा चला आ रहा है कुछ हद तक उस की रोक थाम हो जाएगी और दूसरे मशीनरी मंगवाने में देश का पैसा बाहर नहीं जाएगा बल्कि अपने देश में ही रहेगा और इस के इलावा foreign exchange की कठिनाई का सामना नहीं करना पड़ेगा। बेकार लोगों को चंद दिनों के लिये रोटी खाने को मिल जाएगी वही गनीमत होगी। इस के साथ मैं यह भी निवेदन करना चाहता हूं कि इस में यह लिखा हुआ है कि वह धरती उपजाऊ बन जाएगी, सरसब्ज़ बन जाएगी, खेती करने के योग्य बन जाएगी और वह उन्हीं लोगों को दी जाएगी जो कि उस पर काबिज़ हैं। लेकिन हमें इस बात पर पूर्णत: शंका है। स्पष्ट बात यह है कि हकूमत करने वाला दल बहुत सख्त है। अब शायद हाई कमांड के डांट डपट करने से शायद वह कुछ नर्म पड़ गया है। बड़े बड़े मंत्रियों पर भी अजीब अजीब आक्षेप लगाए जाते हैं। कहा जाता है कि धरती बांटी जाएगी, मेरा तो विचार है कि यह भी उसी तरह से बांटी जाएगी जिस प्रकार कि हमारे इलाके में भी बाहर से ला ला कर लोगों को बिठलाया जाता है। ये सब राजनैतिक चालें हैं। मैं चाहता हूं कि धरती बांटते समय इस बात का ध्यान रखा जाए कि उसी इलाके के लोग हों जहां पर कि धरती है और landless लोग हों। जो लोग होशियार और चालाक होते हैं, जो वज़ीरों के रिश्तेदार हैं और उन के दायें बायें रहते हैं वही लोग ज़मीन ले जाते हैं, ऐसा नहीं होना चाहिये।

श्री रूप सिंह फूल (हमीरपुर रिजर्वड) : अध्यक्ष महोदय, यह जो ज़मीन पर खर्च किया जा रहा है मैं समझता हूं कि सरकारी खज़ाना गोया ज़ाया किया जा रहा है। जितना रकबा इस रकम से reclaim करना है, अगर सरकार मेरे सुझाव को माने तो इतना ही रकबा थोड़ी रकम में reclaim किया जा सकता है और उपज भी ज़्यादा बढ़ सकती है। आप देखते हैं कि पंजाब में Landless tenants और मुज़ारों का आम मसला है। जो landless labourers हैं और tenants हैं अगर उन को यही ज़मीन दे दी जाए तो वे लोग अपने खर्च पर ही ज़मीन को reclaim कर लेंगे, सरकारी खर्च भी नहीं लेंगे और reclamation भी बेहतर होगी। इस तरह से पैदावार में काफी इज़ाफा हो जाएगा। हर ज़िले में ऐसी जमीन पड़ी हुई है जिस के लिये मुजारे चाहते हैं कि उन को हकेमलकियत दिया जाए, उन को अधिकार हो। चूंकि उन को तसल्ली नहीं दी जाती कि उन को हकेमलकियत दिया जाएगा और उन को बेदखल नहीं किया जाएगा वे समझते हैं कि एक दिन उन को उस ज़मीन से निकाल दिया जाएगा जिस पर वे काबिज़ हैं। यही कारण है कि उपज में इज़ाफा नहीं हो रहा। यह साढ़े चौदह लाख रुपये की रकम रखना फजूल खर्ची है। इस को reclamation के काम पर खर्च करने की बजाए tenants को दिया जाना चाहिए जो कि जमीन को मुफ्त reclaim कर के उपज में इज़ाफा करेंगे।

श्री राम प्यारा (करनाल) : स्पीकर साहिब, मैं तो सिर्फ इतनी ही बात गवर्नमैंट के नोटिस में लाना चाहता हूं कि यह काम बड़ा अच्छा है। करनाल के ज़िले में भी कुछ रकबा reclaim किया जाएगा। पहले भी वहां पर इस Department का office था। दो तीन साल तक काम होता रहा। कुछ भी ज़मीन reclaim नहीं हुई। कितनी देर से Anti Corruption Department वाले enquiry कर रहे हैं। खर्च तो बहुत ज्यादा हुआ है लेकिन ज़मीन एक एकड़ भी reclaim नहीं हुई। यह proposal तो बहुत अच्छी है। लेकिन इस से ग़रीब लोगों को कुछ फ़ायदा नहीं होगा और न ही कुछ ज़मीन reclaim होगी। हां, यह बात ज़रूर है कि अफ़सर लोग अपनी हालत अच्छी बना लेंगे।

ਜ਼ਰਾਇਤ ਅਤੇ ਜੰਗਲਾਤ ਮੰਤਰੀ (ਗਿਆਨੀ ਕਰਤਾਰ ਸਿੰਘ) : ਇਸ demand ਦੇ ਸਿਲਸਿਲੇ ਵਿਚ, ਜਿਹੜੀ ਹਾਊਸ ਵਿਚ ਰਖੀ ਗਈ ਹੈ, ਕਾਂਗੜੇ ਦੇ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਹ demand ਫ਼ਜ਼ੂਲ ਹੈ ਅਤੇ ਜਿਹੜੀ ਜ਼ਮੀਨ ਤੁਸੀਂ ਆਪ reclaim ਕਰਨਾ ਚਾਹੁੰਦੇ ਹੋ ਇਹ ਮੁਜ਼ਾਰਿਆਂ ਨੂੰ ਦੇ ਦਿਉ, landless labourers ਨੂੰ ਦੇ ਦਿਉ। ਉਨ੍ਹਾਂ ਦਾ ਵਤੀਰਾ ਤਾਂ ਇਹ ਹੈ ਕਿ ਕਿਸੇ ਨੂੰ ਪੁਛਿਆ ਕਿ 2+2 ਕਿੰਨੇ ਹੋਏ ਤਾਂ ਉਹ ਕਹਿਣ ਲਗਾ ਕਿ ਚਾਰ ਰੋਟੀਆਂ। ਕਿਸੇ ਹੋਰ ਮਸਲੇ ਦੀ ਗੱਲ ਹੈ ਪਰ ਉਹ ਹੁਣ ਵੀ ਜ਼ਮੀਨ ਮੁਜ਼ਾਰਿਆਂ ਨੂੰ ਦਵਾਉਣਾ ਚਾਹੁੰਦੇ ਹਨ, landless labourers ਨੂੰ ਦਵਾਉਣਾ ਚਾਹੁੰਦੇ ਹਨ। ਮੈਂ ਕਹਿੰਦਾ ਹਾਂ ਕਿ ਜਿਹੜੀ ਜ਼ਮੀਨ ਪਹਿਲਾਂ ਮੁਜ਼ਾਰਿਆਂ ਕੋਲ ਹੈ ਉਹ ਵੀ ਅਜੇ ਤਕ ਠੀਕ ਨਹੀਂ ਹੋਈ ਤਾਂ ਫਿਰ ਕਦੋਂ ਹੋਣੀ ਹੈ ? ਹਕੀਕਤ ਇਹ ਹੈ ਕਿ ਕੁਝ ਜ਼ਮੀਨਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਕਿ ਕੱਲਾ ਕੱਲਾ ਮਾਲਕ ਦਰੁਸਤ ਨਹੀਂ ਕਰ ਸਕਦਾ ਇਹ ਕੰਮ ਉਸ ਦੀ ਸਮਰਥਾ ਤੋਂ ਬਾਹਰ ਹੈ।

[ਜ਼ਰਾਇਤ ਅਤੇ ਜੰਗਲਾਤ ਮੰਤ੍ਰੀ]

ਇਸ ਕੰਮ ਲਈ ਉਨ੍ਹਾਂ ਨੂੰ ਮਦਦ ਦੀ ਲੋੜ ਹੈ। ਇਸ ਲਈ land reclamation ਦਾ ਕੰਮ ਕਰਨਾ ਬਹੁਤ ਜ਼ਰੂਰੀ ਹੈ। ਜਦੋਂ ਪਿਛਲਾ budget ਬਣਿਆ ਅਤੇ Planning Commission ਨਾਲ ਸੋਚ ਵਿਚਾਰ ਕੀਤੀ ਗਈ ਤਾਂ ਇਸ ਗੱਲ ਉਪਰ ਬਹੁਤ ਜ਼ੋਰ ਦਿਤਾ ਗਿਆ ਕਿ ਜਿਹੜੀ ਰਕਮ Planning Commission ਨੇ ਮਨਜ਼ੂਰ ਕੀਤੀ ਹੋਈ ਹੈ ਪੰਜਾਬ ਵਿਚ ਖਰਚ ਕਰਨ ਲਈ ਉਸ ਨੂੰ ਘਟਾਇਆ ਜਾਵੇ। ਪਰ ਜਦੋਂ ਤਕ land reclamation ਲਈ ਰਖੀ ਰਕਮ ਨੂੰ ਨਾ ਛਡਿਆ ਜਾਂਦਾ ਉਦੋਂ ਤਕ ਉਹ ਨਹੀਂ ਘਟ ਸਕਦੀ ਸੀ। ਇਸ ਲਈ ਉਹ ਰਕਮ ਅਸਾਂ ਛਡ ਦਿਤੀ। ਉਸ ਦੇ ਬਾਅਦ Budget ਵਿਚ ਇਸ ਦੇ ਸਿਲਸਲੇ ਵਿਚ ਕੋਈ ਚੀਜ਼ ਨਹੀਂ ਰਖੀ ਗਈ। ਪਰ ਜਿਹੜੇ ਸਾਹਿਬ land reclamation ਦੇ ਕੰਮ ਤੋਂ ਮੁਤਾਸਰ ਸਨ ਅਤੇ ਚਾਹੁੰਦੇ ਸਨ ਕਿ ਇਹ ਕੰਮ ਕੀਤਾ ਜਾਏ, ਉਨ੍ਹਾਂ ਨੇ ਸਰਕਾਰ ਨੂੰ ਬਾਰ ਬਾਰ representation ਭੇਜੇ ਕਿ ਇਸ ਕੰਮ ਨੂੰ ਕਰਨ ਦਾ ਕੋਈ ਤਰੀਕਾ ਕਢਿਆ ਜਾਵੇ।

ਉਸ ਤੇ ਪੰਜਾਬ ਸਰਕਾਰ ਨੇ Government of India ਨੂੰ represent ਕੀਤੀ

10 a. m.

ਕਿ ਇਕ ਰਕਮ ਜਿਹੜੀ ਕਿ ਅਗੇ ਮਿਲੀ ਸੀ ਔਰ ਖਰਚ ਨਹੀਂ ਹੋ ਸਕੀ, ਉਸ ਨੂੰ ਮਨਜ਼ੂਰ ਕੀਤਾ ਜਾਏ। Centre ਦੇ ਵਜ਼ੀਰਾਂ ਨੇ ਬੜੀ ਮਿਹਰਬਾਨੀ ਕਰਕੇ ਸਾਨੂੰ ਉਹ ਰਕਮ ਖਰਚ ਕਰਨ ਦੀ ਇਜਾਜ਼ਤ ਦੇ ਦਿਤੀ। ਉਹ ਇਜਾਜ਼ਤ ਮਿਲਣ ਕਰਕੇ ਅਸੀਂ ਇਸ ਕੰਮ ਨੂੰ ਸ਼ੁਰੂ ਕਰ ਰਹੇ ਹਾਂ। ਇਸ ਚੀਜ਼ ਦਾ provision ਬਜਟ ਵਿੱਚ ਨਹੀਂ ਸੀ, ਇਸੇ ਲਈ ਹੁਣ Supplementary Estimates ਰਾਹੀਂ ਇਸ ਦੀ ਮਨਜ਼ੂਰੀ ਲਈ ਜਾ ਰਹੀ ਹੈ।

House ਵਿਚ ਇਸ ਮਾਮਲੇ ਤੇ ਬਹਿਸ ਹੋਈ। Pepsu ਦੇ ਕੁਝ ਮੈਂਬਰ ਸਾਹਿਬਾਨ ਇਸ reclamation ਤੇ ਇਤਰਾਜ਼ ਕਰਦੇ ਰਹੇ ਹਨ। ਪਿਛਲੇ ਸੈਸ਼ਨ ਵਿਚ ਇਸ ਸਿਲਸਲੇ ਵਿਚ ਬਿਲ ਲਿਆਂਦਾ ਸੀ ਜੋ ਪਾਸ ਹੋਇਆ ਔਰ ਹੁਣ ਗਵਰਨਰ ਸਾਹਿਬ ਦੀ ਮਨਜ਼ੂਰੀ ਨਾਲ ਕਾਨੂੰਨ ਬਣ ਗਿਆ ਹੈ। House ਨੂੰ ਇਸ ਗੱਲ ਦੀ ਇਤਲਾਹ ਵੀ ਦੇ ਦਿਤੀ ਗਈ ਹੈ। ਉਸ ਕਾਨੂੰਨ ਦੇ ਮੁਤਾਬਕ ਪੈਪਸੂ ਦੇ ਕਾਇਦੇ ਅਨੁਸਾਰ ਸਾਰੇ ਪੰਜਾਬ ਵਿਚ reclamation ਦਾ ਕੰਮ ਹੋਣਾ ਹੈ। ਇਹ ਜਿਹੜਾ ਰੁਪਿਆ ਖਰਚ ਕੀਤਾ ਜਾਣਾ ਹੈ ਇਹ ਦਾਨ ਨਹੀਂ ਔਰ ਨਾ ਹੀ grant ਹੈ ਬਲਕਿ ਲੋਕਾਂ ਨੂੰ ਕਰਜ਼ੇ ਦੇ ਤੌਰ ਤੇ ਦਿਤਾ ਜਾਣਾ ਹੈ। ਇਹ ਉਨ੍ਹਾਂ ਨੂੰ ਜ਼ਮੀਨ reclaim ਕਰਨ ਲਈ ਦਿਤਾ ਜਾਣਾ ਹੈ ਜਿਹੜਾ ਕਿ ਫਿਰ ਉਨ੍ਹਾਂ ਨੇ ਮੋੜਣਾ ਹੈ ਔਰ ਫਿਰ Government of India ਨੂੰ ਅਦਾ ਕਰਨਾ ਹੈ। ਇਸ ਲਈ ਜਿਹੜਾ ਰਾਠੀ ਸਾਹਿਬ ਨੇ ਆਖਿਆ ਹੈ ਕਿ ਅਰਜ਼ੀਆਂ ਦਾ ਖਿਆਲ ਛਡੋ, ਜਿਹੜੀ ਜ਼ਮੀਨ ਤੁਸੀਂ reclaim ਕਰਨ ਦੇ ਕਾਬਲ ਸਮਝਦੇ ਹੋ ਲੈ ਲਉ, ਕਿਉਂਕਿ ਅਰਜ਼ੀਆਂ ਵਿਚ ਲਿਹਾਜ਼ਦਾਰੀ ਹੋ ਜਾਵੇਗੀ—ਇਹ ਗੱਲ ਨਹੀਂ। ਉਨ੍ਹਾਂ ਨੇ ਇਹ ਵੀ ਆਖਿਆ ਕਿ ਇਹ ਅਰਜ਼ੀਆਂ ਤਾਂ ਅਫਸਰ ਖੁਦ ਤਿਆਰ ਕਰਵਾ ਲੈਣਗੇ। ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਹਾਂ। ਇਹ ਰੁਪਿਆ ਜਿਵੇਂ ਮੈਂ ਪਹਿਲਾਂ ਦਸ ਚੁਕਿਆ ਹਾਂ—ਮੁੜ ਉਨ੍ਹਾਂ ਕੋਲੋਂ ਵਾਪਸ ਲੈਣਾ ਹੈ। ਇਸ ਲਈ ਜਿਹੜਾ ਕੰਮ ਲੋਕਾਂ ਦੀ ਆਪਣੀ ਰਾਏ, ਆਪਣੀ ਖਾਹਸ਼ ਤੇ ਹੋਵੇ ਉਹੀ ਚੰਗਾ ਹੈ। ਕਿਉਂ ਇਸ ਲਈ ਕਿ ਜਿਥੇ ਇਹ ਕੰਮ ਲੋਕਾਂ ਦੀ ਰਜ਼ਾਮੰਦੀ ਨਾਲ ਹੋਏ ਉਥੇ ਰੁਪਏ ਦੀ ਵਸੂਲੀ ਵਿਚ ਆਸਾਨੀ ਹੋਵੇਗੀ। ਇਸ ਲਈ ਅਰਜ਼ੀਆਂ ਲੈ ਕੇ ਇਹ ਕੰਮ ਕੀਤਾ ਜਾਣਾ ਮੁਨਾਸਬ ਸਮਝਿਆ ਗਿਆ ਹੈ।

ਪੇਹੋਵਾ ਐਰ ਗੁਹਲਾ ਵੀ ਪੰਜਾਬ ਦੀ ਧਰਤੀ ਵਿਚ ਨੇ ਐਰ ਕਰਨਾਲ ਦੇ ਜ਼ਿਲੇ ਵਿਚ ਨੇ । ਇਥੇ reclamation ਦੀ ਪੰਜਾਬ ਦੇ ਬਾਕੀ ਸਾਰਿਆਂ ਇਲਾਕਿਆਂ ਵਾਂਗ ਸਭ ਤੋਂ ਜ਼ਿਆਦਾ ਲੋੜ ਹੈ । ਉਥੋਂ ਦੇ ਵਸਣ ਵਾਲੇ ਵੀ ਸਾਡੇ ਭਾਈ ਹਨ । ਇਸ ਲਈ ਜੇ ਉਸ ਨੂੰ reclamation ਦੇ under ਲਿਆ ਰਹੇ ਹਾਂ ਤਾਂ ਅਛੀ ਨਿਗਾਹ ਨਾਲ ਲਿਆ ਰਹੇ ਹਾਂ । ਇਸ ਵਿਚ ਕੋਈ ਲਿਹਾਜ਼ਦਾਰੀ ਦਾ ਸਵਾਲ ਨਹੀਂ । ਜੇ ਇਹ ਇਤਰਾਜ਼ ਕੀਤਾ ਜਾਵੇ ਕਿ ਉਥੇ ਕਿਸੇ ਦਾ ਕੋਈ ਰਿਸ਼ਤੇਦਾਰ ਹੈ । ਇਸ ਲਈ reclamation ਕੀਤੀ ਜਾ ਰਹੀ ਹੈ ਤਾਂ ਇਹ ਗੱਲ ਗਲਤ ਹੈ । ਸਿਰਫ ਇਸ ਇਤਰਾਜ਼ ਦੀ ਬਿਨਾਂ ਤੇ reclamation ਕਰਵਾਉਣ ਤੋਂ ਰੁਕ ਨਹੀਂ ਸਕਦੇ ।

ਇਕ ਇਹ ਵੀ ਗੱਲ ਕਹੀ ਗਈ ਕਿ ਰਾੜੇਵਾਲਾ ਸਾਹਿਬ ਐਰ ਗਿਆਨੀ ਕਰਤਾਰ ਸਿੰਘ ਦਾ ਕੰਮ ਠੀਕ ਹੈ ਪਰ ਚੀਫ ਮਨਿਸਟਰ ਸਾਹਿਬ ਦੇ ਕੰਮਾਂ ਤੇ ਉਨ੍ਹਾਂ ਨੂੰ ਇਤਬਾਰ ਨਹੀਂ । ਸਾਡੇ ਤੇ ਵੀ ਉਨ੍ਹਾਂ ਨੂੰ ਇਤਬਾਰ ਉਨੀ ਦੇਰ ਹੈ ਜਿੰਨੀ ਦੇਰ ਉਨਾਂ ਦੇ ਜ਼ਹਿਨ ਵਿਚ ਇਹ ਚੀਜ਼ ਬੈਠੀ ਹੋਈ ਹੈ ਕਿ ਸ਼ਾਇਦ ਸਾਡੇ ਐਰ ਚੀਫ ਮਨਿਸਟਰ ਸਾਹਿਬ ਦੇ ਲੜਾਈ ਝਗੜੇ ਨੂੰ ਤਰਕੀ ਦੇ ਸਕਣ । ਇਹ ਸਾਰੀ ਉਨਾਂ ਦੀ ਖਾਮ ਖਿਆਲੀ ਹੈ । ਅਸੀਂ ਸਾਰੇ ਫੈਸਲੇ ਰਲ ਕੇ ਕਰਦੇ ਹਾਂ । ਅਗਰ ਚੀਫ ਮਿਨਿਸਟਰ ਸਾਹਿਬ ਤੇ ਕੋਈ ਹਰਫ ਆਉਂਦਾ ਹੈ ਤਾਂ ਉਹ ਸਾਡੇ ਉਤੇ ਵੀ ਆਉਂਦਾ ਹੈ ਐਰ ਇਸੇ ਤਰ੍ਹਾਂ ਜੇ ਸਾਡੇ ਉਤੇ ਕੋਈ ਹਰਫ ਆਉਂਦਾ ਹੈ ਤਾਂ ਉਹ ਚੀਫ ਮਨਿਸਟਰ ਸਾਹਿਬ ਉਤੇ ਵੀ ਆਉਂਦਾ ਹੈ । ਇਹ ਖਿਆਲ ਗਲਤ ਹੈ ਕਿ ਚੀਫ ਮਿਨਿਸਟਰ ਸਾਹਿਬ ਦੇ ਪੇਹੋਵਾ ਐਰ ਗੁਹਲੇ ਕੋਈ ਰਿਸ਼ਤੇਦਾਰ ਵਸਦੇ ਹਨ । ਮੈਂ ਇਹ ਅਰਜ਼ ਕਰਦਾ ਹਾਂ ਕਿ ਮੇਰਾ ਕੋਈ ਰਿਸ਼ਤੇਦਾਰ ਉਥੇ ਦਸ ਦਿਤਾ ਜਾਏ—ਕੰਮ ਤਾਂ ਬੰਦ ਨਹੀਂ ਹੋਣਾ ਚਾਹੀਦਾ ਕਿਉਂਕਿ ਪਿੰਡ ਵਾਲਿਆਂ ਨੂੰ ਨੁਕਸਾਨ ਨਾ ਹੋਵੇ—ਲੇਕਿਨ ਮੈਂ ਇਹ ਕੰਮ ਛਡ ਦਿਆਂਗਾ । ਇਹ ਸਭ ਕੁਝ ਗਲਤ propaganda ਕਰਨ ਦੀ ਖਾਤਿਰ ਕਿਹਾ ਜਾਂਦਾ ਹੈ । ਲੋਕਾਂ ਦੀ ਇਛਾ ਹੈ—ਮਰਜ਼ੀ ਹੈ ਇਸ ਲਈ reclamation ਕਰਾਈ ਜਾਣੀ ਹੈ, ਇਹ ਗੱਲ ਨਹੀਂ ਕਿ ਕਿਸੇ ਖਾਸ ਜਗਾਹ ਕਿਸੇ ਦਾ ਰਿਸ਼ਤੇਦਾਰ ਵਸਦਾ ਹੈ ਤਾਂ ਇਸ ਲਈ ਕਰਾਈ ਜਾ ਰਹੀ ਹੈ । ਕੀ ਜੇ ਕਿਸੇ ਇਲਾਕੇ ਵਿਚ ਕਿਸੇ ਦੀ ਰਿਸ਼ਤੇਦਾਰੀ ਹੋਵੇ ਵੀ ਇਕ ਅਧੀ ਰਿਸ਼ਤੇਦਾਰੀ ਹੋਵੇ ਵੀ ਤਾਂ ਉਸ ਇਲਾਕੇ ਨੂੰ ਢਾ ਦਿਤਾ ਜਾਵੇ ? ਮੈਂ ਸਮਝਦਾ ਹਾਂ ਇਹ ਗਲਤ ਬਾਤ ਹੈ ।

ਇਕ ਗਲ ਹੋਰ ਕਹੀ ਕਿ hand labour ਨਾਲ ਕੰਮ ਕਰਨਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਸ ਮਕਸਦ ਲਈ ੨½ ਲਖ ਰੁਪਿਆ ਰਖਿਆ ਗਿਆ ਹੈ ਐਰ ਉਸ ਲਈ scheme ਬਣ ਗਈ ਹੈ । Mechanical Cultivation ਦਾ ਤਜਰਬਾ ਵੀ ਕੀਤਾ ਜਾ ਰਿਹਾ ਹੈ । ਅਗਰ ਉਹ ਤਜਰਬਾ successful ਸਾਬਤ ਹੋਇਆ ਤਾਂ ਆਇੰਦਾ ਲਈ ਉਸ ਸਿਲਸਿਲੇ ਨੂੰ ਹੋਰ ਜ਼ਿਆਦਾ ਵਧਾ ਦਿਤਾ ਜਾਏਗਾ । Mechanical reclamation ਬਹੁਤ ਲਾਭਦਾਇਕ ਸਾਬਤ ਹੋਈ ਹੈ ਇਸ ਲਈ ਇਸ ਜ਼ਰੀਏ ਨਾਲ ਵੀ ਕੰਮ ਕੀਤਾ ਜਾ ਰਿਹਾ ਹੈ । ਬਾਕੀ ਜਿਹੜਾ hand labour ਦਾ ਦੂਜਾ ਤਰੀਕਾ ਹੈ ਉਹ ਤਜਰਬਾ ਹੋਣ ਤੋਂ ਬਾਅਦ ਆਇੰਦਾ ਲਈ ਪਤਾ ਲਗ ਜਾਏਗਾ ਕਿ ਜਿਹੜਾ ਰਸਤਾ ਜ਼ਿਆਦਾ ਲਾਭਕਾਰੀ ਹੈ ਐਰ ਫਿਰ ਉਸ ਪਾਸੇ ਜ਼ਿਆਦਾ ਜ਼ੋਰ ਦਿਤਾ ਜਾਏਗਾ ।

ਫੇਰ ਪੇਪਸੂ ਦੇ ਕੁਝ ਸਜਨਾਂ ਵਲੋਂ ਇਤਰਾਜ਼ ਕੀਤਾ ਗਿਆ ਹੈ। ਮੈਂ ਹਾਉਸ ਨੂੰ ਇਹ ਦਸ ਦੇਵਾਂ ਕਿ ਮੈਂ ਪੇਪਸੂ ਵਿਚ ਵਸਣ ਵਾਲੇ ਚਾਰ ਮੈਂਬਰ ਸਾਹਿਬਾਨ ਨੂੰ ਚਿਠੀ ਲਿਖੀ ਐਰ ਇਹ

[ਜ਼ਰਾਇਤ ਅਤੇ ਜੰਗਲਾਤ ਮੰਤਰੀ]

ਤਕਲੀਫ ਦਿਤੀ ਕਿ ਉਹ ਤਸ਼ਰੀਫ ਲੈ ਆਉਣ ਔਰ ਸਾਡੇ ਅਫਸਰਾਂ ਨਾਲ ਗਲ ਕਰਨ ਤਾਕਿ ਜੋ ਨੁਕਸ ਨਜ਼ਰ ਆਵੇ ਉਹ ਦੂਰ ਕਰ ਦਿਤਾ ਜਾਵੇ । ਲੇਕਿਨ ਉਨ੍ਹਾਂ ਮੈਂਬਰ ਸਾਹਿਬਾਨ ਵਿਚੋਂ ਸਿਰਫ ਇਕ ਮੈਂਬਰ ਸਾਹਿਬ ਹੀ ਆਏ ਜਿਹੜੇ ਕਿ ਉਸ ਇੰਤਜ਼ਾਮ ਦੇ ਬੜੇ ਭਾਰੀ ਹਿਮਾਇਤੀ ਹਨ । ਬਾਕੀ ਦੇ ਸਾਹਿਬਾਨ ਨਹੀਂ ਆਏ । ਮੈਂ ਸਮਝਦਾ ਹਾਂ ਕਿ ਉਹ ਇਸ ਕੰਮ ਲਈ ਥੋੜਾ ਜਿਹਾ ਵਕਤ ਸਰਫ ਨਾ ਕਰਨ ਤਾਂ ਜੋ ਉਨਾਂ ਦੇ ਖਿਆਲ ਵਿਚ ਨੁਕਸ ਹਨ ਉਹ ਕਿਵੇਂ ਦੂਰ ਕੀਤੇ ਜਾ ਸਕਦੇ ਹਨ ।

ਚੋਧਰੀ ਇੰਦਰ ਸਿੰਘ ਸਾਹਿਬ ਨੇ ਵੀ ਇਤਰਾਜ਼ ਕੀਤਾ ਹੈ । ਮੈਂ ਉਨਾਂ ਨੂੰ ਵੀ ਦਾਵਤ ਦਿੰਦਾ ਹਾਂ ਕਿ ਉਹ ਆ ਕੇ ਸਮਝਾਉਣ ਕਿ ਕਿਵੇਂ ਉਹ ਨੁਕਸ ਦੂਰ ਹੋ ਸਕਦਾ ਹੈ ਇਸ ਤਰ੍ਹਾਂ ਨਾਲ ਇਹ ਗੁਥੀ ਖਾਸੀ ਸੁਲਝ ਸਕਦੀ ਹੈ । ਅਸੀਂ ਹਤਲ ਮਕਦੂਰ ਉਸ ਕੰਮ ਨੂੰ ਕਰਨ ਦੀ ਕੋਸ਼ਿਸ਼ ਕਰਾਂਗੇ । ਇਤਨੀ ਗੱਲ ਕਹਿ ਕੇ ਮੈਂ ਆਸ ਕਰਦਾ ਹਾਂ ਕਿ ਇਸ ਨੂੰ ਕਬੂਲ ਕਰ ਲਿਆ ਜਾਵੇਗਾ ।

ਸਰਦਾਰ ਉਮਰਾਉ ਸਿੰਘ : On a point of information, Sir. ਪੰਜਾਬ Reclamation of Lands Act ਲਾਗੂ ਹੋ ਚੁਕਿਆ ਹੈ । ਮੈਂ ਗਿਆਨੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਪੈਪਸੂ ਦੇ ਪੁਰਾਣੇ ਐਕਟ ਦੀ ਅਜੇ ਵੀ application ਹੋ ਰਹੀ ਹੈ ?

ਜ਼ਰਾਇਤ ਅਤੇ ਜੰਗਲਾਤ ਮੰਤ੍ਰੀ : ਇਸ ਦੀ ਹੁਣ ਹੀ ਇਤਲਾਹ ਮਿਲੀ ਹੈ । ਮੈਂਬਰਾਂ ਨੇ ਹੁਣ ਹੀ ਇਤਲਾਹ ਦਿਤੀ ਹੈ । ਅਜੇ ਥੋੜੇ ਦਿਨ ਹੋਏ ਹਨ ਕਿ ਇਹ Act ਲਾਗੂ ਹੋਇਆ ਹੈ । ਹੁਣ ਸਾਰੀ ਕਾਰਵਾਈ ਉਸ ਦੇ ਮੁਤਾਬਕ ਹੋਵੇਗੀ ।

ਸਰਦਾਰ ਭੁਪਿੰਦਰ ਸਿੰਘ ਮਾਨ : ਜਨਾਬ, ਜਿਸ ਵਕਤ.........

श्री अध्यक्ष : Long speeches नहीं होने चाहिएं । Only half an hour is left. (No long speeches please. Only half an hour is left.)

ਪੰਡਤ ਰਾਮ ਕਿਸ਼ਨ ਭੜੋਲੀਆ : ਮੈਂ request ਕਰਦਾ ਹਾਂ ਕਿ time ਹੋਰ extend ਕਰ ਦਿੱਤਾ ਜਾਵੇ ।

श्री अध्यक्ष : यह पहिले ही extend किया जा चुका है । (It has already been extended.)

ਪੰਡਤ ਰਾਮਕਿਸ਼ਨ ਭੜੋਲੀਆਂ : ਅਧਾ ਘੰਟਾ ਬਹੁਤ ਘਟ ਹੈ ।

Sardar Bhupinder Singh Mann : Sir, this is absolutely a new idea. I wish we could get a little more time.

Mr. Speaker: This point was touched upon in the budget session also.

Mr. Speaker : Question is—

That a supplementary sum not exceeding Rs. 14,54,000 be granted to the Governor to defray the charges that will come in course of payment for the year ending the 31st March 1960, in respect of 71-Capital Outlay on Schemes of Agricultural Improvement and research.

The motion was carried.

85-A—CAPITAL OUTLAY ON PROVINCIAL SCHEMES OF GOVERNMENT TRADING

Minister for Finance (Dr. Gopi Chand Bhargava) : Sir, I beg to move—

That a supplementary sum not exceeding Rs 6,01,00,000 be granted to the Governor to defray the charges that will come in course of payment for the year ending the 31st March, 1960, in respect of 85-A—Capital Outlay on Provincial Schemes of Government Trading.

Mr. Speaker : Motion moved—

That a supplementary sum not exceeding Rs. 6,01,00,000 be granted to the Governor to defray the charges that will come in course of payment for the year ending the 31st March, 1960, in respect of 85-A—Capital Outlay on Provincial Schemes of Government Trading.

ਸਰਦਾਰ ਭੁਪਿੰਦਰ ਸਿੰਘ ਮਾਨ (ਸਮਾਨਾ 'ਜਨਰਲ') : ਜਨਾਬ ਜਿਸ ਵਕਤ ਇਹ ਖਿਆਲ ਪੰਜਾਬ ਦੇ ਲੋਕਾਂ ਦੇ ਮਨ ਵਿਚ ਆਇਆ ਕਿ ਸਰਕਾਰ ਮੰਡੀਆਂ ਦੇ ਵਿਚ ਅਨਾਜ ਦ ਬਿਉਪਾਰ ਨੂੰ ਆਪਣੇ ਹੱਥ ਵਿਚ ਲੈ ਲਏ ਤਾਂ ਸਿਰਫ ਖਿਆਲ ਦੀ ਉਚਿਆਈ ਨੂੰ ਵੇਖ ਕੇ ਮੈਂ ਇਸ ਨੂੰ ਜਿਊ ਆਇਆਂ ਆਖਿਆ । ਮੇਰੇ ਜਿਊ ਆਇਆਂ ਆਖਣ ਦਾ ਮਹਿਜ਼ ਇਹ ਕਾਰਨ ਸੀ ਕਿ ਇਸ ਤਰੀਕੇ ਦੇ ਨਾਲ ਪੈਦਾਵਾਰ ਕਰਨ ਵਾਲਿਆਂ ਲਈ ਅਤੇ ਬਾਅਦ ਵਿਚ ਖਰੀਦਣ ਵਾਲਿਆਂ ਲਈ ਹਮੇਸ਼ਾਂ ਜਿਹੜੀ ਗੈਰ ਯਕੀਨੀ ਦੀ ਤਲਵਾਰ ਉਨ੍ਹਾਂ ਦੇ ਸਿਰ ਤੇ ਲਟਕਦੀ ਹੈ ਉਹ ਦੂਰ ਹੋ ਜਾਵੇਗੀ ਔਰ ਕਮ ਸੇ ਕਮ ਪੰਜਾਬ ਦੇ ਉਪਜਾਊ ਔਰ ਵੈਰ ਖਾਣ ਵਾਲੇ ਤਬਕੇ ਦੀ ਜਿੰਦਗੀ ਦੀ ਇਕ ਨਿਹਾਇਤ ਜ਼ਰੂਰੀ ਮੰਗ—primary ਮੰਗ—ਜਾਇਜ਼ ਕੀਮਤ ਤੇ ਪੂਰੀ ਹੋ ਜਾਏਗੀ ।

ਲੇਕਿਨ ਮੇਰੀ ਹੈਰਾਨੀ ਦੀ ਕੋਈ ਇਨਤਹਾ ਨਾ ਰਹੀ ਜਿਸ ਵਕਤ ਮੈਂ ਵੇਖਿਆ ਕਿ ਗੌਰਮੈਂਟ ਆਪਨੇ ਦਿਲ ਦੇ ਵਿਚ ਅਜੇ ਵੀ clear ਨਹੀਂ ਸੀ, ਡਾਵਾਂ ਡੋਲ ਸੀ, ਗੈਰ ਯਕੀਨੀ ਦੀ ਅਵਸਥਾ ਵਿਚ ਸੀ ਅਤੇ ਹਾਲੇ ਵੀ ਹੈ । ਇਕ ਇਨਸਾਨ ਅਗਰ ਆਪਣੀ ਜਿੰਦਗੀ ਦੇ ਵਿਚ ਕੋਈ ਕੰਮ ਕਰਦਾ ਹੈ ਤਾਂ ਉਹ ਬੜੇ ਸੋਚ ਵਿਚਾਰ ਮਗਰੋਂ ਪਕਿਆਈ ਤੇ ਪਹੁੰਚਦਾ ਹੈ । ਪਰ ਜੇ ਕਰ ਉਹ ਉਸ ਕੰਮ ਵਿਚ ਅਸਫਲ ਹੁੰਦਾ ਹੈ ਤਾਂ ਉਸ ਨਾਲ ਉਸ ਅਕਲੇ ਆਦਮੀ ਨੂੰ ਹੀ ਨਕਸਾਨ ਪਹੁੰਚਦਾ ਹੈ । ਜਿਸ ਵੇਲੇ ਸਰਕਾਰ ਕੋਈ ਅਜਿਹਾ ਕੰਮ ਕਰਦੀ ਹੈ ਜਿਸ ਦਾ ਸਬੰਧ ਲੱਖਾਂ ਇਨਸਾਨਾਂ ਦੀ ਜਿੰਦਗੀ ਨਾਲ ਹੁੰਦਾ ਹੈ ਤਾਂ ਜੇਕਰ ਉਸ ਵਿਚ ਨੁਕਸਾਨ ਹੋ ਜਾਵੇ ਤਾਂ ਉਹ ਉਨ੍ਹਾਂ ਸਾਰਿਆਂ ਦਾ ਨੁਕਸਾਨ ਹੋ ਜਾਂਦਾ ਹੈ । ਇਸ ਲਈ ਸਰਕਾਰ ਲਈ ਉਸ ਕੰਮ ਦੇ ਕਰਨ ਵੇਲੇ ਉਸ ਦੇ ਮਨ ਵਿਚ ਜ਼ਿਆਦਾ ਪਕਿਆਈ ਦੀ ਲੋੜ ਹੁੰਦੀ ਹੈ । ਪਰ ਜਦ ਮੈਂ ਇਹ ਵੇਖਦਾ ਹਾਂ ਕਿ ਸਰਕਾਰੀ ਅਫਸਰ ਤੇ ਵਜ਼ੀਰ ਇਸ ਕੰਮ ਵਿਚ

[ਸਰਦਾਰ ਭੁਪਿੰਦਰ ਸਿੰਘ ਮਾਨ]

ਯਕੀਨ ਨਾ ਰਖਦੇ ਹੋਣ ਤੇ ਬੜੀ ਝਿਝਕ ਦੇ ਨਾਲ ਕੰਮ ਕਰ ਰਹੇ ਹੋਣ ਤਾਂ ਮੈਂ ਇਸ ਸਕੀਮ ਲਈ ਜਿਹੜੇ ਜੀ ਆਇਆਂ ਦੇ ਸ਼ਬਦ ਆਖੇ ਸੀ ਉਹ ਹੁਣ ਵਾਪਸ ਲੈਣ ਤੇ ਮਜਬੂਰ ਹੋ ਗਿਆ ਹਾਂ । ਸਭ ਤੋਂ ਵਡੀ ਹੈਰਾਨੀ ਦੀ ਗਲ ਇਹ ਹੈ ਕਿ ਗੌਰਮੈਂਟ ਨੇ ਨਾਂ ਤਾਂ ਬੜਾ ਉਚਾ ਰਖਿਆਂ ਹੈ 'State Trading' ਲੇਕਿਨ ਹਕੀਕਤ ਇਹ ਹੈ ਕਿ ਇਸ ਨੇ ਮਹਿਜ਼ reserve ਬਨਾਉਣੇ ਹਨ । Reserve ਬਨਾਉਣ ਦੇ ਲਈ ਅਤੇ State Trading ਵਿਚ ਸਭ ਤੋਂ ਬੁਨੀਆਦੀ ਚੀਜ਼ ਇਹ ਹੈ ਕਿ ਜਿਹੜੀ ਚੀਜ਼ ਦੀ ਸਰਕਾਰ ਨੇ trading ਕਰਨੀ ਹੋਵੇ ਉਸ ਦੀ ਕੀਮਤ ਉਹ ਪਹਿਲਾਂ ਮੁਕੱਰਰ ਕਰੇ । ਜੇਕਰ ਉਸ ਦੀ ਕੀਮਤ ਪਹਿਲਾਂ ਮੁਕੱਰਰ ਕੀਤੀ ਗਈ ਹੋਵੇ ਤਾਂ ਉਸ ਦੇ ਪੈਦਾ ਕਰਨ ਵਾਲੇ ਨੂੰ ਯਕੀਨ ਹੋ ਜਾਂਦਾ ਹੈ ਕਿ ਉਸ ਨੂੰ ਉਸ ਦੀ ਪੈਦਾ ਕੀਤੀ ਹੋਈ ਚੀਜ਼ ਦਾ ਇਹ ਮੁਲ ਮਿਲਨਾ ਹੈ ਤਾਂ ਉਹ ਜ਼ਿਆਦਾ ਮਿਹੱਨਤ ਨਾਲ ਉਸ ਚੀਜ਼ ਨੂੰ ਪੈਦਾ ਕਰਦਾ ਹੈ । ਉਸ ਦਾ ਭਾ ਤਾਂ ਛੇ ਜਾਂ ਸਤ ਮਹੀਨੇ ਪਹਿਲਾਂ ਤੋਂ ਮੁਕੱਰਰ ਕੀਤਾ ਜਾਣਾ ਚਾਹੀਦਾ ਹੈ ਬਲਕਿ ਮੈਂ ਤਾਂ ਕਹਾਂਗਾ ਕਿ ਉਸ ਦੀ ਕੀਮਤ ਦਾ ਉਸ ਦੇ ਪੈਦਾ ਕਰਨ ਵਾਲੇ ਨੂੰ ਇਕ ਸਾਲ ਪਹਿਲਾਂ ਪਤਾ ਹੋਣਾ ਚਾਹੀਦਾ ਹੈ । ਉਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੇ ਕਰ ਉਹ ਕਣਕ ਪੈਦਾ ਕਰੇਗਾ ਤਾਂ ਉਸ ਨੂੰ ਉਸ ਦਾ ਇਹ ਮੁਲ ਮਿਲੇਗਾ । ਪਰ ਇਥੇ ਕੀ ਹੋਇਆ ਹੈ ਮਾਰਚ ਅਤੇ ਅਪਰੈਲ ਦੇ ਮਹੀਨੇ ਤਕ ਸਰਕਾਰ ਨੂੰ ਆਪ ਕੁਝ ਯਕੀਨ ਹੀ ਨਹੀਂ ਸੀ ਕਿ ਕੀ ਉਸ ਨੇ ਕਣਕ ਖਰੀਦ ਕਰਨੀ ਵੀ ਹੈ ਕਿ ਨਹੀਂ ਕਰਨੀ ਅਤੇ ਕਰਨੀ ਹੈ ਤੇ ਕਿਸ ਭਾ ਤੇ ਖਰੀਦ ਕਰਨੀ ਹੈ । 13 ਅਪਰੈਲ ਨੂੰ ਵਾਢੀਆਂ ਪੈ ਜਾਂਦੀਆਂ ਹਨ ਪਰ ਪੰਜਾਬ ਗੌਰਮੈਂਟ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ । ਇਸ ਗਲ ਦਾ ਇਨ੍ਹਾਂ ਖੁਦ ਏਤਰਾਜ਼ ਕੀਤਾ ਹੈ ਕਿ ਸਾਨੂੰ ਉਸ ਵੇਲੇ ਤਕ ਇਸ ਸਕੀਮ ਦਾ ਕੁਝ ਪਤਾ ਨਹੀਂ ਸੀ । ਕਣਕ ਮੰਡੀਆਂ ਵਿਚ ਆ ਜਾਂਦੀ ਹੈ ਪਰ ਵਪਾਰੀ ਇਸ ਕਰਕੇ ਨਹੀਂ ਖਰੀਦਨ ਨੂੰ ਤਿਆਰ ਕਿਉਂਕਿ ਉਨ੍ਹਾਂ ਨੂੰ ਇਸ ਗਲ ਦਾ ਯਕੀਨ ਨਹੀਂ ਕਿ ਉਹ ਖਰੀਦ ਵੀ ਸਕਦੇ ਹਨ ਜਾਂ ਨਹੀਂ । ਇਸੇ ਤਰ੍ਹਾਂ ਜ਼ਿਮੀਦਾਰ ਅਤੇ ਕਿਸਾਨ ਜੇਕਰ ਅਪਣਾ ਗੱਡਾ ਕਣਕ ਦਾ ਲੈ ਕੇ ਮੰਡੀ ਜਾਂਦਾ ਸੀ ਤਾਂ ਉਸ ਨੂੰ ਇਹ ਪਤਾ ਨਹੀਂ ਸੀ ਹੁੰਦਾ ਕਿ ਆਇਆ ਉਹ ਕਣਕ ਵੇਚ ਕੇ ਖਾਲੀ ਗਡਾ ਵਾਪਸ ਲੈ ਜਾਵੇਗਾ ਜਾਂ ਇਸੇ ਤਰ੍ਹਾਂ ਭਰਿਆ ਗਡਾ ਹੀ ਵਾਪਸ ਲੈ ਜਾਵੇਗਾ । ਤੁਹਾਨੂੰ ਕਿਸਾਨ ਨੂੰ ਪਹਿਲਾਂ ਦਸਣਾ ਚਾਹੀਦਾ ਸੀ ਕਿ ਜਿਹੜੀ ਤੇਰੀ ਪੈਦਾਵਾਰ ਹੈ ਇਹ ਅਸਾਂ ਲੈਣੀ ਹੈ ਤੇ ਇਸ ਭਾ ਤੇ ਲੈਣੀ ਹੈ ਅਤੇ ਇਸ ਤੋਂ ਪਹਿਲਾਂ ਤੁਹਾਨੂੰ ਆਪਣੇ ਮਨ ਵਿਚ ਇਸ ਬਾਰੇ ਯਕੀਨ ਲਾਜ਼ਮੀ ਹੋਣਾ ਚਾਹੀਦਾ ਸੀ ਤਾਕਿ ਤੁਸਾਂ ਪਹਿਲੇ ਹੀ ਦਸ ਸਕੋ । ਪਰ ਤੁਸਾਂ ਹਾਲਾਂ ਤਕ ਵੀ ਗੈਰ ਯਕੀਨੀ ਹਾਲਤ ਪੈਦਾ ਕੀਤੇ ਹੋਏ ਹਨ । ਮੈਂ ਤਾਂ ਕਹਾਂਗਾ ਕਿ ਇਸ ਤਰ੍ਹਾਂ State Trading ਦੇ ਹਥਿਆਰ ਨੂੰ ਲੈ ਕੇ ਤੁਸਾਂ ਕਿਸਾਨ ਨੂੰ ਸਜ਼ਾ ਦਿੱਤੀ ਹੈ । ਅਗ ਤਾਂ ਸਿਰਫ਼ ਆੜ੍ਹਤੀ ਹੀ ਉਨ੍ਹਾਂ ਨਾਲ ਭਾ ਵਧ ਘੱਟ ਕਰ ਕੇ ਉਨ੍ਹਾਂ ਦੀ ਜਿਨਸ ਖਰੀਦ ਕਰ ਲੈਂਦਾ ਸੀ ਪਰ ਹੁਣ ਤੁਸਾਂ ਉਸ ਨੂੰ ਪੰਜਾਬ ਦੇ ਅੰਦਰ ਖਰੀਦਨ ਨੂੰ ਰੋਕ ਦਿੱਤੀ ਹੈ । February, March ਅਤੇ April ਦੇ ਮਹੀਨਿਆਂ ਵਿਚ interested ਪਾਰਟੀਆਂ ਵਲੋਂ ਅਖਬਾਰਾਂ ਵਿਚ propaganda ਕੀਤਾ ਜਾਂਦਾ ਰਿਹਾ ਹੈ ਕਿ ਕਣਕ ਕੋਈ ਨਾ ਖਰੀਦੇ । ਇਹ ਸਿਰਫ਼ ਇਸ ਲਈ ਕੀਤਾ ਜਾਂਦਾ ਰਿਹਾ ਹੈ ਕਿ ਗ਼ੈਰ ਯਕੀਨੀ ਹਾਲਾਤ ਪੈਦਾ ਕਰਕੇ ਕਣਕ ਦਾ ਭਾ ਗਿਰਾਇਆ ਜਾਏ । ਅਸਾਂ ਸਮਝਦੇ ਸਾਂ ਕਿ ਚਲੋ ਸਰਕਾਰ ਕਣਕ ਖਰੀਦੇਗੀ ਤਾਂ ਆੜ੍ਹਤੀ ਤੋਂ

ਕਿਸਾਨ ਨੂੰ ਛੁਟਕਾਰਾ ਮਿਲੇਗਾ। ਪਰ ਇਸ ਦਾ ਨਤੀਜਾ ਇਹ ਹੋਇਆ ਕਿ prices ਯਕਲਖਤ 20 ਅਤੇ 22 ਰੁਪਏ ਤੋਂ ਗਿਰ ਕੇ ਥਲੀਆਂ ਥਲੇ ਆ ਗਈਆਂ। ਮੈਂ ਇਹ ਨਹੀਂ ਕਹਿੰਦਾ ਕਿ 20 ਰੁਪਏ ਕਣਕ ਦਾ ਭਾ ਠੀਕ ਸੀ। ਮੈਂ ਤਾਂ ਕਹਿੰਦਾ ਹਾਂ ਕਿ ਇਹ ਭਾ ਗੈਰ ਵਾਜਬੀ ਸੀ ਅਤੇ ਇਹ ਮਸਨੂਈ prices ਸਨ ਜਿਹੜੀਆਂ ਕਿ ਜ਼ਰੂਰ ਘੱਟ ਹੋ ਜਾਣੀਆਂ ਚਾਹੀਦੀਆਂ ਸਨ। ਪਰ ਤੁਸਾਂ ਡੋਲਦੇ ਹੋਏ ਇਰਾਦੇ ਦੇ ਨਾਲ ਇਹ ਇਲਾਨ ਕੀਤਾ ਜਿਸ ਕਰ ਕੇ ਗੈਰ ਯਕੀਨੀ ਹਾਲਾਤ ਪੈਦਾ ਹੋ ਗਏ ਜਿਸ ਦੇ ਨਤੀਜੇ ਵਜੋਂ ਭਾ ਹੋਰ ਗਿਰਨਾ ਸ਼ੁਰੂ ਹੋ ਗਿਆ। ਜਦੋਂ ਤੁਸਾਂ ਇਹ ਕਿਹਾ ਕਿ ਗੌਰਮੈਂਟ 15 ਰੁਪਏ ਫੀ ਮਣ ਤਕ ਕਣਕ ਖਰੀਦ ਕਰੇਗੀ ਤਾਂ ਭਾ ਹੋਰ ਗਿਰ ਗਏ ਤੇ ਇਹ 12 ਅਤੇ 13 ਰੁਪਏ ਫੀ ਮਣ ਤਕ ਹੋ ਗਏ। ਇਸ ਲਈ ਮੈਂ ਕਹਾਂਗਾ ਕਿ ਸਾਡੀ ਇਹ ਸਰਕਾਰ ਜਿਹੜੀ ਕਿਸਾਨ ਨਾਲ ਹਮਦਰਦੀ ਰਖਣ ਦਾ ਦਾਅਵਾ ਕਰਦੀ ਹੈ ਉਹੀ ਸਰਕਾਰ ਹਥ ਵਿਚ ਤਲਵਾਰ ਲੈਂਦੀ ਹੈ ਤੇ ਇਹ ਕਹਿੰਦੀ ਹੈ ਕਿ State Trading ਕੀਤੀ ਜਾਏਗੀ ਅਤੇ ਕਿਸਾਨ ਨੂੰ ਆੜ੍ਹਤੀ ਤੋਂ ਛੁਟਕਾਰਾ ਦਿਵਾਇਆ ਜਾਏਗਾ, ਹਾਲਾਂਕਿ ਉਹ ਕਿਸਾਨ ਆੜ੍ਹਤੀ ਕੋਲੋਂ ਕਈ ਸਹੂਲਤਾਂ ਲੈਂਦਾ ਸੀ, ਉਸ ਕੋਲੋਂ ਰੁਪਿਆ ਵੀ ਲੈ ਲੈਂਦਾ ਸੀ, ਪਰ ਇਸ ਸਰਕਾਰ ਨੇ ਆਪਣੇ ਡੰਡੇ ਦੇ ਜ਼ੋਰ ਨਾਲ ਅਤੇ ਹਕੂਮਤ ਸ਼ਾਹੀ ਨਾਲ ਉਸ ਨੂੰ ਉਨ੍ਹਾਂ ਸਹੂਲਤਾਂ ਤੋਂ ਵੀ ਵਾਂਝਿਆਂ ਰਖਿਆ ਅਤੇ ਹੋਰ ਵੀ ਬੜਾ ਨੁਕਸਾਨ ਪਹੁੰਚਾ ਦਿਤਾ ਹੈ। ਇਸ ਲਈ ਮੈਂ ਫਿਰ ਕਹਿੰਦਾ ਹਾਂ ਕਿ ਜੇਕਰ ਤੁਸੀਂ ਵਾਕਈ ਹੀ ਕਿਸਾਨ ਦਾ ਭਲਾ ਚਾਹੁੰਦੇ ਹੋ ਤਾਂ ਇਸ ਗਲ ਦਾ ਖਿਆਲ ਰਖੋ ਕਿ State Trading ਦਾ ਤੁਹਾਡਾ adventure ਕਾਮਯਾਬ ਨਹੀਂ ਹੋ ਸਕਦਾ ਜਦੋਂ ਤਕ ਜਿਨਸਾਂ ਦੀ prices ਦਾ structure ਕਾਇਮ ਨਹੀਂ ਕੀਤਾ ਜਾਂਦਾ ਅਤੇ fixation of prices ਨਹੀਂ ਹੋ ਜਾਂਦੀ ਜੇ ਤੁਸਾਂ State Trading ਕਰਨੀ ਹੀ ਹੈ ਤਾਂ ਤੁਹਾਨੂੰ ਇਹ ਕਹਿਣਾ ਹੀ ਪੈਣਾ ਹੈ ਕਿ ਅਸਾਂ ਕਿਸਾਨ ਕੋਲੋਂ ਇਸ ਭਾ ਤੇ ਖਰੀਦਾਂਗੇ ਤੇ ਇਸ ਭਾ ਤੋਂ ਥਲੇ ਗਿਰਨ ਨਹੀਂ ਦਿਆਂਗੇ ਲੇਕਿਨ ਤੁਸੀਂ ਕੀ ਤਰੀਕਾ ਅਖਤੀਆਰ ਕੀਤਾ ਹੋਇਆ ਹੈ।

"Besides, it has been decided that the Roller Flour Mills in the State should be kept off the market in order to maintain the level of prices."

ਤੁਸਾਂ ਇਹ ਕਿਉਂ ਕਹਿੰਦੇ ਹੋ ਕਿ ਅਸਾਂ prices maintain ਰਖਣੀਆਂ ਹਨ। ਤੁਸਾਂ ਇਸ ਦੀ ਬਜਾਏ ਇਹ ਆਖੋ ਕਿ ਅਸਾਂ ਵਡੀਆਂ ਮਿਲਾਂ ਨੂੰ ਕਣਕ ਖਰੀਦਨ ਨਹੀਂ ਦਿਆਂਗੇ ਤਾਕਿ ਮੰਡੀਆਂ ਵਿਚ ਭਾ ਵਧ ਨਾ ਸਕਣ ਅਤੇ ਨਾ ਹੀ ਭਾ ਨੂੰ ਡਿਗਣ ਹੀ ਦਿਆਂਗੇ। ਲੇਕਿਨ ਇਹ ਆਖਣਾ ਕਿ ਕੋਈ ਹੋਰ ਮੰਡੀ ਵਿਚੋਂ ਖਰੀਦ ਨਾ ਕਰੇ ਤਾਂਕਿ competition ਨਾ ਹੋਵੇ ਤਾਂ ਯਕੀਨੀ ਤੌਰ ਤੇ ਕਿਸਾਨ ਦੀ ਪੈਦਾਵਾਰ ਦਾ ਭਾ ਘੱਟਣਾ ਹੈ, ਬੜ੍ਹਨਾ ਨਹੀਂ। ਤੁਸੀਂ ਦੋ ਗੱਲਾਂ mix up ਕਰਦੇ ਹੋ ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਗੈਰ ਯਕੀਨੀ ਹਾਲਾਤ ਪੈਦਾ ਹੋ ਗਏ ਹਨ। ਫਿਰ ਸਾਨੂੰ ਆਸ ਸੀ ਕਿ ਤੁਸੀਂ ਕਿਸੇ ਇਕ ਖਾਸ ਤਰੀਕੇ ਦੇ ਨਾਲ ਚੀਜ਼ਾਂ ਖਰੀਦੋਗੇ ਪਰ ਤੁਸਾਂ ਮੁਖਤਲਿਫ ਮੰਡੀਆਂ ਦੇ ਵਿਚ ਮੁਖਤਲਿਫ ਤਰੀਕੇ ਕਣਕ ਖਰੀਦਣ ਦੇ ਅਖਤਿਆਰ ਕੀਤੇ ਹੋਏ ਹਨ। ਕਿਧਰੇ ਤਾਂ ਤੁਸੀਂ market ਕਮੇਟੀਆਂ ਰਾਹੀ ਖਰੀਦ ਰਹੇ ਹੋ ਤੇ ਕਿਧਰੇ co-operative societies ਰਾਹੀਂ। ਕਿਧਰੇ ਤਾਂ ਕਣਕ ਖਰੀਦਣ ਤੇ ਤੁਸੀਂ ਕੋਈ ਆੜ੍ਹਤੀ ਮੁਕੱਰਰ ਕੀਤਾ ਹੋਇਆ ਹੈ ਤੇ ਕਿਧਰੇ ਆੜ੍ਹਤੀਆਂ ਦੀ union ਦੀ ਮਾਰਫਤ ਖਰੀਦ ਕਰਦੇ ਹੋ। ਮੈਂ ਇਸ ਬਾਰੇ ਦਸ ਦੇਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ patronage ਆ ਜਾਏਗੀ ਤੇ patronage ਚੰਗੀ ਨਹੀਂ ਹੁੰਦੀ। ਤੁਸਾਂ patronage ਇਸਤੇਮਾਲ ਕਰਕੇ ਆਪਣੇ ਆਪ ਨੂੰ ਨੁਕਤਾਚੀਨੀ ਲਈ open ਕੀਤਾ ਹੈ। ਇਸ ਨਾਲ

[ਸਰਦਾਰ ਭੁਪਿੰਦਰ ਸਿੰਘ ਮਾਨ]

ਸਰਕਾਰ ਲੋਕਾਂ ਵਿਚ ਬਦਨਾਮ ਹੋ ਜਾਏਗੀ । ਮੈਂ ਕਹਾਂਗਾ ਕਿ ਤੁਸਾਂ State Trading directly ਆਪਣੇ ਹੱਥਾਂ ਵਿਚ ਲਓ । ਜੇ ਤੁਸਾਂ ਕਿਸੇ ਦਲਾਲ ਦੀ ਮਾਰਫਤ ਖਰੀਦ ਕਰਦੇ ਹੋ ਤਾਂ ਤੁਸਾਂ ਦਲਾਲੀ ਖਤਮ ਨਹੀਂ ਕੀਤੀ ਸਗੋਂ ਇਹ perpetuate ਕੀਤੀ ਹੈ ।

ਫਿਰ ਤੁਸੀਂ ਕਣਕ ਖਰੀਦਣ ਵੇਲੇ ਹੋਰ ਹੀ ਗੈਰ ਯਕੀਨੀ ਹਾਲਾਤ ਪੈਦਾ ਕਰਦੇ ਹੋ । ਕਣਕ ਖਰੀਦਣ ਵਕਤ ਤੁਸੀਂ ਕੋਈ ਤਾਰੀਖ ਮੁਕੱਰਰ ਨਹੀਂ ਕਰਦੇ ਅਤੇ ਜਦੋਂ ਤੁਹਾਡੀ ਮਰਜ਼ੀ ਆਉਂਦੀ ਹੈ ਖਰੀਦ ਲੈਂਦੇ ਹੋ ਅਤੇ ਉਸ ਦਿਨ ਬਾਕੀਆਂ ਨੂੰ ਆਖ ਦਿੰਦੇ ਹੋ ਕਿ ਅਜ ਹੋਰ ਕੋਈ ਨਾ ਖਰੀਦ ਕਰੇ । ਇਸ ਤਰ੍ਹਾਂ ਕਰਨ ਨਾਲ ਗੈਰ ਯਕੀਨੀ ਨੂੰ ਦੂਰ ਨਹੀਂ ਕੀਤਾ ਜਾ ਸਕਦਾ । ਸਾਨੂੰ ਦਸੋ ਕਿ ਕਿਸ ਤਰੀਕੇ ਦੇ ਨਾਲ ਤੁਸੀਂ ਖਰੀਦਣਾ ਚਾਹੁੰਦੇ ਹੋ ।

ਫਿਰ ਤੁਸੀਂ ਬੜਾ profit ਲੈਂਦੇ ਹੋ । Stores ਤੁਹਾਡੇ ਕੋਲ ਹਨ ਨਹੀਂ । ਤੁਸਾਂ ਬੜੇ ਬੜੇ ਕਿਰਾਏ ਦੇ ਸਟੋਰ ਲੈਂਦੇ ਹੋ ਜਿਸ ਕਰਕੇ ਕਣਕ ਦਾ ਭਾ ਹੋਰ ਹੀ ਵਧ ਜਾਂਦਾ ਹੈ । ਫਿਰ ਤੁਹਾਨੂੰ ਠੀਕ ਤਰੀਕੇ ਨਾਲ ਇਹ store ਕਰਨੀ ਨਹੀਂ ਆਉਂਦੀ ਜਿਸ ਕਰਕੇ ਜਦੋਂ January ਅਤੇ February ਦਾ ਵਕਤ ਆਏਗਾ ਤਾਂ ਤੁਹਾਡੀ store ਕੀਤੀ ਹੋਈ ਕਣਕ ਨੂੰ ਖਪਰਾ ਲਗ ਗਿਆ ਹੋਵੇਗਾ ਅਤੇ ਉਹ ਖਾਧੀ ਪੀਤੀ ਹੋਈ ਕਣਕ ਰਹਿ ਜਾਏਗੀ ਜਿਸ ਨੂੰ ਤੁਸੀਂ ਮੰਡੀ ਵਿਚ ਲਿਆ ਕੇ ਲੋਕਾਂ ਨੂੰ ਉਹ ਤਲਫ ਹੋਈ ਹੋਈ ਕਣਕ ਖਾਣ ਲਈ ਮਜਬੂਰ ਕਰੋਗੇ ਅਤੇ ਉਸ ਦਾ ਭਾ ਉਸ ਵੇਲੇ 17 ਜਾਂ 18 ਰੁਪਏ ਮਣ ਤੇ ਜਾ ਪਏਗਾ ਅਤ ਲੋਕਾਂ ਨੂੰ ਇਸ ਭਾ ਤੇ ਉਹ ਖਾਧੀ ਹੋਈ ਕਣਕ ਲੈਣ ਤੇ ਤੁਸੀਂ ਮਜਬੂਰ ਕਰੋਗੇ ।

ਇਸ ਲਈ ਮੈਂ ਅਖੀਰ ਵਿਚ ਇਹ ਫਿਰ ਕਹਾਂਗਾ ਕਿ ਤੁਸੀਂ ਕਿਸਾਨ ਨੂੰ ਖਰੀਦ ਦਾ ਭਾ ਠੀਕ ਤਰ੍ਹਾਂ ਦਸੋ ਅਤੇ ਉਸ ਨੂੰ ਯਕੀਨ ਦਿਵਾਉ ਕਿ ਇਹ ਘਟੇ ਅਤੇ ਵਧੇਗਾ ਨਹੀਂ ਤਾਂਕਿ ਸੂਬੇ ਦੇ ਵਿਚੋਂ ਗੈਰ ਯਕੀਨੀ ਦੀ ਹਾਲਤ ਹਟ ਜਾਏ ।

डाक्टर बलदेव प्रकाश (अमृतसर-शहर पूर्व) : स्पीकर साहिब, हाउस में जो State Trading के लिये 6 करोड़ रुपये की demand आई है इस पर मैं अपने विचार रखना चाहता हूं। बजट सैशन के समय भी State Trading के बारे में सरकार ने कुछ कहा था कि अन्न की महंगाई को दूर करने के लिये सरकार ने यह स्कीम बनाई है कि अन्न का व्यापार सरकार खुद अपने हाथों से करे। मैं समझता हूं कि अन्न की महंगाई इस सूबे में इस बजह से नहीं थी कि सरकार अन्न का व्यापार खुद नहीं करती थी बल्कि इस की और भी बहुत सी वजूहात थीं जिन को दूर करने की बजाय सरकार ने अन्न के व्यापार को अपने हाथ में लेने का फैसला किया मैं समझता हूं कि सरकार का यह फैसला ठीक नहीं। इस के द्वारा लोगों के नागरिक अधिकारों तथा स्वाधानता को खत्म किया जा रहा है और देश को totalitarian-ism की तरफ ले जाया जा रहा है अन्न की महंगाई की वजूहात जैसे अन्न का smuggle होना administration में भ्रष्टाचार का होना, blackmarket का होना इन बुराइयों के साथ war footing पर लड़ने के लिये तो सरकार तैयार नहीं है उलटे सरकार अन्न के व्यापार को अपने हाथ में ले रही है। कल को अगर चीनी की मश्किल

पड़ी या कपड़े में कोई दिक्कत पेश आई तो सरकार यह भी बेचना शुरु कर देगी और इसी तरह सब्ज़ियों की दूकान भी खोल लेगी। हमें आज़ाद हुए 12 साल हो गए हैं। दूसरा पांच साला प्लान खत्म हो रहा है मगर हम rationing की तरफ जा रहे हैं। चीनी का भाव डेढ़ रुपया सेर है फिर भी यह नहीं मिलती सरकार में mal-administration और corruption की वजह से जनता को कष्ट हो रहा है। सरकार अपनी इन खामियों की ओर ध्यान न देकर देश पर एक तंत्रवाद ठोंस रही है जिस से सारी की सारी जनता सरकार की नौकर बन जाएगी इस से बुरी बात देश के लिये और क्या हो सकती है। जैसे मान साहिब ने कहा है कि जब तक कीमतें निश्चित नहीं की जाती, prices पर control नहीं किया जाता, जब तक सरकार की hesitating और vacillating policy रहेगी तब तक स्थिति में सुधार न होगा। ज़मींदार से अन्न जिस भाव पर खरीदा जाए वह निश्चित किया जाए और उस भाव पर थोड़ा सा नफा दे कर वह अन्न consumer को मिले। State Trading आज हमारे सामने पूरी तरह से नहीं आई, अभी तो सरकार ने अन्न खरीदना ही शुरु किया है और सरकार की सारी पालिसी अभी स्पष्ट नहीं है जिस पर कि हम बहस कर सकें। लेकिन अगर आगे बढ़ कर इस स्कीम को अमलीजामा पहनाने की कोशिश की गई तो नतीजा नहीं होगा जो सरकारी machinery के corrupt होने की वजह से आम तौर पर हुआ करता है। व्यापारिक दृष्टि से या practically यह स्कीम कामयाब होने वाली नहीं है। जैसा कि मुझ से पहले एक सदस्य ने बताया कि न तो सरकार के पास गोदाम हैं और न ही इस काम के लिये efficient machinery है यह पलिसी ही defective है कभी सरकार मिलों को अन्न खरीदने के लिये कहती है तो भाव बढ़ जाते हैं तब उन को रोक दिया जाता है। इस के मुताल्लिक सरकार की पालिसी स्पष्ट नहीं है। आज भी consumer को आटा 18 रु० मन मिल रहा है और पता नहीं सरकार क्या २ कदम उठाने का विचार रखते है। इस लिये इस सारी समस्या का हल State Trading नहीं है। इस के ज़रिये तो देश के अन्दर नागरिक स्वाधीनता को खत्म कर के एक तंत्रवाद आएगा और सारी जनता सरकार की नौकर बन जाएगी इस समस्या का हल तो यह है कि असली वजूहात के खिलाफ war footing पर सरकारी machinery को लगा कर लड़ाई की जाए, अन्न की smuggling आदि के खिलाफ़ जिहाद खड़ा किया जाए। भाव गिरने न दिए जाएं ताकि किसान को ठीक कीमत मिले। मैं सरकार की State Trading स्कीम का विरोध करता हूं। सरकार ने जो कुछ अब तक किया है यदि वह इस स्कीम का पहला कदम है और इस को आगे चल कर पूरी तरह लागू करना है तो मैं सरकार को अभी से चेतावनी देता हूं कि यह चीज़ देश के लिये हानिकारक है।

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ, ਜਨਰਲ) : ਸਪੀਕਰ ਸਾਹਿਬ, State Trading ਦੇ ਨਾਮ ਤੇ ਸਾਡੇ ਪੰਜਾਬ ਵਿਚ ਇਕ ਬਹੁਤ ਵਡਾ fraud ਚਲ ਰਿਹਾ ਹੈ। 1,20,000 ਟਨ ਕਣਕ ਖਰੀਦਨ ਦੀ ਗਵਰਨਮੇਂਟ ਨੇ scheme ਬਣਾਈ ਹੈ। ਇਹ fraud ਕਿਉਂ ਹੈ। ਇਹ ਕਣਕ 33,60,000 ਮਣ ਬਣਦੀ ਹੈ। ਜੇਕਰ ਇਸ State

[ਚੌਧਰੀ ਬਲਬੀਰ ਸਿੰਘ]

ਦੇ ਹਰ ਇਕ ਬੰਦੇ ਨੂੰ 6 ਛਟਾਂਕ ਕਣਕ ਦਿਤੀ ਜਾਵੇ ਤਾਂ ਇਹ ਸਾਰੀ ਖੁਰਾਕ ਸਿਰਫ 23 ਦਿਨਾਂ ਲਈ ਕਾਫੀ ਹੈ । ਇਸ ਤਰ੍ਹਾਂ ਦੇ ਸਰਕਾਰ half-hearted measures ਲੈਂਦੀ ਹੈ ਜਿਸ ਕਰਕੇ ਲੋਕਾਂ ਵਿਚ ਬੜੀ uncertainty ਹੈ ਕਿ ਕਿਸ ਵਕਤ ਕੀ ਹੋਣ ਵਾਲਾ ਹੈ, ਕਿਸ ਭਾ ਤੇ ਚੀਜ਼ਾਂ ਮਿਲਣਗੀਆਂ । ਪੰਜਾਬ ਗਵਰਨਮੇਂਟ ਦੇ Civil Supplies Department ਦੀ ਇਕ report ਹੈ । ਉਸ ਵਿਚ 1955 ਵਿਚ ਪੰਜਾਬ ਵਿਚ 27 ਜੂਨ ਯਾਨੀ ਅਜਕਲ ਦੇ ਹੀ ਦਿਨਾਂ ਵਿਚ ਕਣਕ ਦਾ ਭਾ 10-8-0 ਰੁਪਏ ਤੋਂ ਲੈਕੇ 12-5-0 ਸੀ ਅਤੇ 7 ਨਵੰਬਰ, 1955 ਨੂੰ ਜਦੋਂ ਕਿ floods ਨਾਲ ਬਹੁਤ ਜ਼ਿਆਦਾ ਤਬਾਹੀ ਹੋਈ ਸੀ ਅਤੇ ਅਨਾਜ ਬਹੁਤ ਖਰਾਬ ਹੋ ਗਿਆ ਸੀ ਉਦੋਂ ਵੀ ਇਹ ਭਾ 12-8-0 ਤੋਂ 13-10-0 ਤਕ ਸੀ । ਉਸ ਤੋਂ ਅਗਲੇ ਸਾਲ 1956 ਵਿਚ 26 ਅਪ੍ਰੈਲ, 1956 ਨੂੰ ਇਹ ਭਾ 13 ਤੋਂ 14 ਰੁਪਏ ਤਕ ਸੀ । ਪਰ ਅਜ ਜਦ ਕਿ 30 ਜੂਨ ਹੈ 10-8-0 ਜਾਂ 12-8-0 ਦੀ ਬਜਾਏ ਇਹ ਭਾ 15 ਤੋਂ ਲੈ ਕੇ 18 ਰੁਪਏ ਤਕ ਹੈ । ਇਹ ਸਾਰੇ ਭਾ ਇਕ planned scheme ਮੁਤਾਬਕ ਬਣਾਏ ਗਏ ਹਨ । 2½ ਸਾਲਾਂ ਤਾਈਂ ਨਵੇਂ election ਆਉਣ ਵਾਲੇ ਹਨ । ਉਨ੍ਹਾਂ ਲਈ ruling party ਨੇ ਹੁਣੇ ਹੀ ਪੈਸੇ ਇਕਠੇ ਕਰਨੇ ਸ਼ੁਰੂ ਕਰ ਦਿਤੇ ਹਨ । Ruling Party, ਕੁਝ ਅਫਸਰਾਂ, ਵਡੇ ਵਡੇ blackmarketers ਅਤੇ ਸਰਮਾਏਦਾਰਾਂ ਦਾ ਇਕ clique ਬਣਿਆ ਹੋਇਆ ਹੈ ਜਿਸ ਨੇ rates ਨੂੰ ਕੁਝ ਇਸ ਕਿਸਮ ਦੇ ਹਿਸਾਬ ਨਾਲ ਚਲਾਉਣਾ ਸ਼ੁਰੂ ਕੀਤਾ ਹੈ ਕਿ ਅਜ ਆਮ ਪੰਜਾਬੀ ਦੀ ਜ਼ਿੰਦਗੀ ਦੁਭਰ ਹੋ ਗਈ ਹੈ । ਸਰਕਾਰ ਦੇ half-hearted measures ਨੇ ਇਸ ਹਾਲਤ ਨੂੰ ਹੋਰ ਬੁਰਾ ਹੀ ਬਣਾਇਆ ਹੈ । ਜਿਸ ਵੇਲੇ Central Government ਤੋਂ scheme ਆਈ ਤਾਂ ਸਾਡੀ ਸਰਕਾਰ ਨੇ ਕਿਹਾ ਕਿ ਹਾਲੇ plans ਨਹੀਂ ਬਣੀਆਂ । ਪਰ ਇਸ ਤਰ੍ਹਾਂ ਜਦੋਂ ਅਨਾਜ ਦਾ season ਲੰਘਾ ਦਿਤਾ ਤਾਂ ਕਿਹਾ ਕਿ ਹੁਣ ਅਸੀਂ ਅਨਾਜ ਖਰੀਦ ਕਰਨਾ ਹੈ ਪਰ ਅਨਾਜ ਖਰੀਦਨ ਦਾ target ਪੂਰਾ ਨਾ ਹੋਇਆ । ਸਰਕਾਰ ਇਸ ਤਰ੍ਹਾਂ ਦੀਆਂ ਸਕੀਮਾਂ ਬਣਾਉਂਦੀ ਹੈ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਚਲਾਉਂਦੀ ਹੈ ਅਤੇ ਆਪਣੇ half-hearted measures ਨਾਲ ਲੋਕਾਂ ਦੀਆਂ ਤਕਲੀਫਾਂ ਵਧਾਉਂਦੀ ਹੈ । ਲੋਕ ਸੋਚਦੇ ਹਨ ਕਿ ਅਜ ਫ਼ਸਲ ਦੇ ਸ਼ੁਰੂ ਵਿਚ ਹੀ ਜਦ ਭਾ 15 ਤੋਂ 18 ਰੁਪਏ ਮਣ ਹੈ ਤਾਂ ਜਦੋਂ ਅਨਾਜ ਦੀ ਕਮੀ ਹੁੰਦੀ ਹੈ ਫਿਰ ਕੀ ਹੋਵੇਗਾ । ਸਰਕਾਰ ਪਾਸ ਤਾਂ ਸਿਰਫ 23 ਦਿਨਾਂ ਦਾ ਅਨਾਜ ਹੋਣਾ ਹੈ, ਇਸ ਨਾਲ ਜਨਵਰੀ ਤੋਂ ਲੈ ਕੇ 10, 12 ਅਪਰੈਲ ਤਕ ਕਿਸ ਤਰ੍ਹਾਂ ਗੁਜ਼ਾਰਾ ਹੋਵੇਗਾ, ਜਦ ਕਿ ਅਨਾਜ ਦੀ shortage ਹੁੰਦੀ ਹੈ । ਉਸ ਵੇਲੇ ਗਵਰਨਮੇਂਟ ਕੀ ਕਰੇਗੀ ।

ਸਰਕਾਰ ਨੇ recently ਹੀ ਇਕ ਤਜਵੀਜ਼ ਪਾਸ ਕੀਤੀ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਇਕ ਸਾਲ ਲਈ ਅਨਾਜ ਖਰੀਦਣ ਲਈ ਕਰਜ਼ਾ advance ਕੀਤਾ ਜਾਵੇ । ਇਸ ਗਲ ਨਾਲ ਹੀ ਆਪ ਸਭ ਜਾਣਦੇ ਹੋ ਕਿ ਕਿਨਾ ਅਸਰ ਪੈਂਦਾ ਹੈ ਬਾਹਰ ਦੀ ਜਨਤਾ ਤੇ ਅਤੇ ਇਹ ਗਲ ਕਿਨੀ ਕੁ affect ਕਰਦੀ ਹੈ । ਇਸ ਦਾ Psychologically ਵੀ ਬੜਾ ਅਸਰ ਪੈਂਦਾ ਹੈ । ਜਦ ਕਿ ਲੋਕਾਂ ਨੂੰ ਪਤਾ ਹੋਵੇ ਕਿ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਵੀ ਕਹਿ ਰਹੀ ਹੈ ਕਿ ਤੁਸੀਂ ਆਪਣੀ ਇਕ ਸਾਲ ਦੀ ਅਨਾਜ ਦੀ ਲੋੜ ਨੂੰ ਪੂਰਾ ਕਰ ਲਵੋ ਤਾਂ ਕੁਦਰਤੀ ਹੀ ਇਸ ਗਲ ਦਾ ਅਸਰ ਲੋਕਾਂ ਤੇ ਇਹ ਹੁੰਦਾ ਹੈ ਕਿ ਅਨਾਜ ਦੀ

ਜ਼ਰੂਰ ਕਿਲੱਤ ਪੈਦਾ ਹੋ ਜਾਵੇਗੀ । ਲੋਕਾਂ ਵਿਚ ਘਬਰਾਹਟ ਸ਼ੁਰੂ ਹੋ ਜਾਂਦੀ ਹੈ ਇਸ ਤਰ੍ਹਾਂ ਦੀ ਘਬਰਾਹਟ ਦਾ ਨਤੀਜਾ ਇਹ ਹੁੰਦਾ ਹੈ ਕਿ ਤਿੰਨਾਂ ਆਦਮੀਆਂ ਦਾ ਕਲਿਕ ਬਨ ਜਾਂਦਾ ਹੈ ਅਤੇ ਉਹ ਇਸ ਗਲ ਤੋਂ ਫਾਇਦਾ ਉਠਾ ਲੈਂਦੇ ਹਨ । ਇਹ ਤਾਂ ਸਾਫ ਜ਼ਾਹਿਰ ਹੈ ਕਿ ਢਾਈ ਸਾਲ ਨੂੰ ਨਵੇਂ elections ਆਉਣ ਵਾਲੇ ਹਨ ਅਤੇ ਉਸ ਲਈ ਰੁਪਿਆ ਇਕਠਾ ਕਰਨ ਦੀ ਲੋੜ ਹੈ ਜੋ ਇਸ ਤਰ੍ਹਾਂ ਨਾਲ ਇਕੱਠਾ ਕਰਨਾ ਸ਼ੁਰੂ ਕਰ ਦਿਤਾ ਗਿਆ ਹੈ। ਇਸ ਤਰ੍ਹਾਂ ਕਲਿੱਕ ਬਣਾ ਕੇ ਰੁਪਿਆ ਇਕਠਾ ਕੀਤਾ ਜਾ ਰਿਹਾ ਹੈ । ਸਾਡੇ ਵੀਰ ਸਰਦਾਰ ਭੁਪਿੰਦਰ ਸਿੰਘ ਮਾਨ ਹੋਰਾਂ ਨੂੰ ਤਾਂ ਇਹ ਗਿਲਾ ਸਰਕਾਰ ਤੇ ਹੈ ਕਿ ਅਨਾਜ ਪੈਦਾ ਕਰਨ ਵਾਲੇ ਨੂੰ ਪੂਰੀ ਕੀਮਤ ਨਹੀਂ ਮਿਲੀ । ਇਹ ਠੀਕ ਹੈ ਇਸ ਹਦ ਤਕ ਕਿ ਜਿਹੜੇ small producers ਹਨ, ਛੋਟੇ ਜ਼ਿਮੀਂਦਾਰ ਹਨ ਉਨ੍ਹਾਂ ਨੂੰ ਪੂਰੀ ਕੀਮਤ ਨਹੀਂ ਮਿਲ ਸਕੀ ਕਿਉਂਕਿ ਉਨ੍ਹਾਂ ਨੇ ਆਪਣੀਆਂ ਫੌਰੀ ਲੋੜਾਂ ਨੂੰ ਪੂਰਾ ਕਰਨਾ ਸੀ ਇਸ ਲਈ ਉਨ੍ਹਾਂ ਨੂੰ ਮਜਬੂਰ ਹੋਕੇ ਅਨਾਜ ਨੂੰ ਮੰਡੀ ਵਿਚ ਲਿਆਣਾ ਪਿਆ ਅਤੇ ਜਿਸ ਭਾ ਵੀ ਉਹ ਇਸ ਕਲਿਕ ਹਥੋਂ ਵਿਕ ਸਕਿਆ ਵੇਚ ਦਿਤਾ ਇਸ ਤਰ੍ਹਾਂ ਉਸ ਪਾਸੋਂ 12, ਸਾਢੇ ਬਾਰਾਂ ਰੁਪਏ ਮਣ ਤੇ ਕਣਕ ਖਰੀਦ ਕਰ ਲਈ ਗਈ। ਛੋਟੇ ਪੈਦਾਵਾਰ ਕਰਨ ਵਾਲ਼ ਨੂੰ ਆਪਣੇ ਅਨਾਜ ਦੀ ਪੂਰੀ ਕੀਮਤ ਨਹੀਂ ਦਿਤੀ ਗਈ ਪਰ ਦੂਜੇ ਪਾਸੇ ਜੋ middle class ਹੈ ਅਤੇ ਜੋ ਅਨਾਜ ਨੂੰ hoard ਕਰ ਸਕਦੇ ਹਨ ਅਤੇ ਜਿਨ੍ਹਾਂ ਦੀਆਂ ਆਪਣੀਆਂ ਲੋੜਾਂ ਹੋਰ ਕਿਸੇ ਤਰ੍ਹਾਂ ਪੂਰੀਆਂ ਹੋ ਸਕਦੀਆਂ ਹਨ ਅਤੇ ਉਹ ਆਪਣੇ ਅਨਾਜ ਨੂੰ ਮੰਡੀ ਵਿਚ ਭੇਜਣ ਤੋਂ ਕੁਝ ਚਿਰ ਰੋਕ ਸਕਦੇ ਹਨ ਉਨ੍ਹਾਂ ਨੇ ਅਨਾਜ ਨੂੰ ਮੰਡੀਆਂ ਵਿਚ ਨਹੀਂ ਭੇਜਿਆ ਅਤੇ ਇਸ ਉਡੀਕ ਵਿਚ ਹਨ ਕਿ ਭਾ ਤੇਜ਼ ਹੋ ਜਾਵੇ ਤਾਂ ਮਾਲ ਕਢਾਂਗੇ ਉਨ੍ਹਾਂ ਨੂੰ ਪਤਾ ਹੈ ਕਿ ਅਸੀਂ 13 ਜਾਂ 14 ਰੁਪਏ ਹੁਣ ਕਿਸ ਤੋਂ ਲੈਣੇ ਹਨ ਸਗੋਂ ਕੁਝ ਚਿਰ ਠਹਿਰ ਕੇ ਕਣਕ ਕਢਾਂਗੇ ਜਦੋਂ ਮੰਡੀ ਦਾ ਨਿਰਖ ਚੜ੍ਹਿਆ ਹੋਵੇਗਾ । ਉਹ ਇਸ ਇੰਤਜ਼ਾਰ ਵਿਚ ਹੀ ਰਹਿੰਦੇ ਹਨ, ਸਰਕਾਰ ਆਪ ਤਾਂ 15 ਰੁਪਏ ਤੋਂ ਕਣਕ ਖਰੀਦ ਰਹੀ ਹੈ ਅਤੇ ਬਾਹਰ ਭਾ 16 ਜਾਂ 17 ਰੁਪਏ ਚੰਗੀ ਕਣਕ ਦਾ ਹੈ । ਜਦੋਂ ਇਸ ਦਾ ਭਾ ਸਾਲ ਦੇ ਆਖਰ ਵਿਚ 25 ਜਾਂ 26 ਰੁਪਏ ਹੋਵੇਗਾ ਉਸ ਸਮੇਂ ਇਹ ਆਪਣੇ ਅਨਾਜ ਨੂੰ ਕਢਣਗੇ ਤਾਂ ਜੋ ਮਨਮਾਨੀ ਕੀਮਤ ਮਿਲ ਸਕੇ। ਇਸ ਲਈ ਮੈਂ ਸਰਕਾਰ ਪਾਸ ਇਹ ਦਸਣਾ ਚਾਹੁੰਦਾ ਹਾਂ ਕਿ ਅਨਾਜ ਦੀ ਕੀਮਤ ਛੋਟੇ ਜ਼ਿਮੀਂਦਾਰ ਨੂੰ ਵੀ ਘਟ ਮਿਲੀ ਹੈ ਅਤੇ ਲੋਕਾਂ ਨੂੰ ਵੀ ਵਧ ਕੀਮਤ ਦਣੀ ਪੈ ਰਹੀ ਹੈ ਜਾਂ ਦੇਣੀ ਪਏਗੀ।

ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਾਂ ਕਿ ਸਰਕਾਰ ਵਲੋਂ ਜੋ ਇਹ State Trading ਕੀਤੀ ਗਈ ਹੈ ਇਸ ਨਾਲ ਸਾਰੇ ਲੋਕਾਂ ਦਾ ਇੰਤਜ਼ਾਮ ਨਹੀਂ ਹੋ ਸਕਿਆ । ਸੂਬੇ ਦੇ ਸਾਰੇ ਲੋਕਾਂ ਦਾ ਸਾਰੇ ਸਾਲ ਲਈ ਕੋਈ ਇੰਤਜ਼ਾਮ ਅਨਾਜ ਦਾ ਨਹੀਂ ਕੀਤਾ ਗਿਆ ਸਗੋਂ ਇਸ ਤਰ੍ਹਾਂ ਦਾ ਅਧੂਰਾ ਇੰਤਜ਼ਾਮ ਕਰਕੇ ਸਾਰੀ State ਵਿਚ ਖਲਬਲੀ ਮਚਾ ਦਿਤੀ ਗਈ ਹੈ ਅਤੇ ਹਰ ਪਾਸੇ ਲੋਕਾਂ ਵਿਚ ਘਬਰਾਹਟ ਪੈਦਾ ਹੋ ਗਈ ਹੈ ਕਿ ਅਨਾਜ ਸ਼ਾਇਦ ਅਗੇ ਮਿਲ ਹੀ ਨਾ ਸਕੇ ।

ਸ੍ਰੀ ਸਪੀਕਰ : ਤੁਸੀਂ ਇਤਨੀ ਉਚੀ ਬੋਲ ਰਹੇ ਹੋ ਥੱਕ ਜਾਓਗੇ । ਲਾਊਡਸਪੀਕਰ ਬੰਦ ਕੀਤਿਆਂ ਵੀ ਇਨੀ ਅਵਾਜ਼ ਹੈ। (The hon. Member will be exhausted by speaking so loudly. His voice is very loud even without a microphone.)

चौधरी साधु राम (नारायणगढ़ 'जनरल') : डिप्टी स्पीकर साहिब, मैं इस Resolution की मुखालफत के लिए खड़ा हुआ हूं । इस Resolution के ज़रिए से मुझे कुछ ऐसा मालूम होता है कि या तो mover साहिब खुद confused हैं या confusion पैदा करना चाहते हैं। Panchayat Act के नीचे जो पंचाहयत बनती है...... (विघ्न)

चौधरी धर्म सिंह राठी : On a point of Order. क्या कोई मैम्बर बैठे २ बोल सकते हैं ? वह बैठे बैठे बोल रहे हैं ।

Mr. Deputy Speaker: Order please. He is not sitting.

चौधरी साधु राम : Panchayat Act के नीचे जो elected पंचायत बनती है उस को किसी महकमें के साथ मिलाने का सवाल नहीं है बल्कि पंचायत के महकमे को दूसरे महकमे के साथ मिलाने का सवाल है। डिप्टी सपीकर साहिब, Panchayat Act के नीचे गांव में जो elected पंचायत बनती है वह एक autonomous body है। बहुत हद तक वह अपने अख्तियारात के अंदर एक निहायत ही autonomous तरीके से काम कर सकती है। उस के काम में कोई दखल नहीं दे सकता। गवर्नमैंट की तरफ से अपने महकमे के ज़रिये से उस के काम को supervise किया जाता है और उस को guide किया जाता है। इस तरीके से गांव मे काम करना है। जहां तक supervise करने और guide करने का ताल्लुक है पंचायत की बड़ी भारी ज़िम्मेदारी है। उस को एक नहीं दस महकमों की तरफ से ऊपर से हुकम आता है। पंचों को पता नहीं लगता कि वह किस को मानें और किस को छोड़ें। आज ज़रूरत इस बात की है कि गवर्नमैण्ट की जो policy है, गवर्नमैण्ट का जो इरादा है और ख्याल है उस को एक ज़रिए से ही पंचो तक पहुंचाया जाना चाहिए। इस के लिये एक ही महकमा होना चाहिए जो उन के काम की निगरानी कर सके और उन को guide कर सके ताकि यह जो रोज़ मर्रा की चीज़ें हैं ये ठीक हो सकें। एक महकमा जाता है दूसरा आ जाता है, दूसरा जाता है तीसरा आ जाता है। यह confusion पैदा करता है। मैं यह समझता हूं कि यह Resolution महकमा पंचायत के चंद अफसरान —तहसील Panchayat Officer से ले कर Director Panchayats तक की खुशनूदी हासल करने के लिए, या शायद कोई ऐसा खतरा हो कि शायद उन में से कोई ऊपर से नीचे आ जाए और इस Department के B.D.Os. में से कोई ऊंचा चला जाए और पंचायत का अफसर नीचे आ जाए। मैं यह बात कहता हूं कि जहां तक Village Panchayat का ताल्लुक है, गांव का ताल्लुक है, गांव के लोगों का ताल्लुक है उन को इस merger से किसी किस्म का कोई नुकसान नहीं पहुंचेगा। लोगों का सरोकार इस बात से है कि development का काम और पंचायत का working किसी तरीके से smoothly चल सके, किसी तरीके से efficiently काम चल सके। इस लिये मैं यह बात कहूंगा कि अगर मेरे दोस्तों को इस बात से कुछ आदमियों के निकलने का डर है तो वे गवर्नमैंट को दूसरे तरीके से approach कर सकते हैं। वे यह कह सकते हैं कि उन को जायज़ जगह दे दी जाए। पिछले दिनों Civil Supplies का महकमा खत्म हुआ तो एक आवाज़ उठी। गवर्नमैण्ट को कई तरह से कहा गया। जहां २ काम था उन सब को दे दिया। मैं कहता हूं और मैं समझता हूं कि इन छोटी २ चीज़ों को ले कर इस नेक काम में रुकावट नहीं बनना चाहिए। फिर कहा जाता है कि यह बहुत जल्द कदम है, इस में किसी का सलाह मशवरा नहीं लिया गया। मुझे इस बात पर थोड़ा सा ताज्जुब होता है। यह चीज़ पंजाब में ही नहीं All-India basis पर है। इस की बाकायदा तौर पर inquiry हुई, discussion हुई, उस के नतीजे के तौर पर महता कमेटी के नाम पर एक report बनी। Central Government और तमाम State Governments के सामने यह चीज़ आई। Congress Session में discussion हुई, Parliament में discussion हुई।

[चौधरी साधू राम]

तमाम मैम्बरान को वह report मिली। हमने उस चीज़ को पढ़ा, किसी ने न पढ़ा हो तो मैं नहीं कह सकता। मैं समझता हूं कि यह कदम उस report का एक छोटा सा हिस्सा है, first instalment है। इस कदम के अंदर अच्छी चीज़ें दिखाई देती हैं। मैं तो यह समझता हूं कि उस report को ज्यों का त्यों लागू करना चाहिए ताकि देहात में जो २ काम होते हैं उन के करने में duplication न हो। इस के साथ २ मैं एक बात और कहना चाहता हूं। एक ग्राम सेवक के पास 20, 25 गांव का काम होता है। एक पंचायत Secretary के पास भी 20, 25 गांव का काम होता है जो उन्हीं गांव का होता है। Forest के आदमियों के पास भी वही काम होता है। इसी तरह से Agriculture, Co-operation और दूसरे महकमे हैं। उन का पता ही नहीं लगता कि कौन सा काम किस ने करना है। पंचायत जो काम करती है उस की reports ऊपर सब को जाती हैं। इस के इलावा उन लोगों को पता नहीं लगता कि किस को मानें और किस को न मानें। इस के साथ Block level पर, Sub-Division level पर कई लिस्टें आती हैं। B.D.O. के पास ऊपर से programme आता है। B.D.O. पंचायत को हुकम देता है और Panchayat Officer भी वही काम करने के लिये कहता है--उन का आपस में टकराव होता है। पंचायत को पता ही नहीं चलता कि जो B.D.O. कहता है वह मानें या जो Panchayat officer कहता है वह करें। Panchayat officer कहता है कि मैं तुम्हारा officer हूं, तुम उन की बात न मानना। इस लिये Government ने development के काम को co-ordinate करने के लिये यह कदम उठाया है। B.D.O. Block incharge होगा। सारे block को वह बाकायदा expenditure दे कर co-ordination करेगा। वह co-ordination किसी कानून या B.D.O. के सामने जवाब देह नहीं, बल्कि अपने अफसरान के सामने जवाबदेह है। महकमे में काम इस तरीके से चलता है कि officials एक दूसरे की टांग खेंचने की कोशिश करते हैं, एक दूसरे के काम को आगे बढ़ाने की कोशिश नहीं करते। इस लिये amalgamation का कदम मुबारक कदम है। हमें बयक आवाज़ ऐसी आवाज़ उठानी चाहिए कि ज़्यादा से ज़्यादा महकमों को amalgamate करेंगे। गांव की तरक्की करने के लिये गवर्नमैंट का जो इरादा है, गवर्नमैंट का जो ख्याल है उस के लिये यह गवर्नमैंट की तरफ से एक मुबारक कदम है। लेकिन मुझे हैरानी तो इस बात की है कि एक तरफ तो मेरे Opposition वाले भाई कहते हैं कि देश में पंचायतों को ज़्यादा अख्तियारात देकर पंचायत राज कायम करना चाहिए। लेकिन जब सरकार पंचायतों की तरक्की के लिये पंचायतों को Development Department के साथ merge करना चाहती है तो वे oppose करते हैं। कहते हैं पंच बदमाश हैं कि लोगों को तंग करते हैं। मैं कहता हूं कि यह खिचड़ी और चूं २ का मुरब्बा नहीं चलेगा। यह बहुत गलत propaganda है। इस के अंदर इतनी सदाकत नहीं जितना कि कहा जाता है। लेकिन मैं मानता हूं कि खराबियां होती हैं। लेकिन क्या मैं पूछ सकता हूं कि पंचायतों को तोड़ कर या उन पंचों को disbelieve करके आप यह काम किन के हाथों में देना चाहते हैं? आप development

का काम किन के हाथ में देना चाहते हैं ? किसी दूसर अफसरान के हाथ में देना चाहते हैं ? या यह काम तहसीलदार के हाथ में देना चाहते हैं ? या किन के हाथ में देना चाहते हैं ? या दूसरे अफसरों के हाथ में देना चाहते हैं। इन सारी चीज़ों का एक ही सही इलाज है। वह इलाज है वक्त पर elections ताकि लोगों को मौका मिल जाए कि जो corrupt पंचायतें हैं उन को हटाया जा सके। इस के साथ साथ लोगों को democratic education देने की ज़रूरत है ताकि वे अपनी समझ के साथ सही लोगों को पंच चुन सकें। एक और बात भी है। वह यह कि लोगों की गरीबी का नाजायज़ फायदा उठाया जाता है। उन की economic exploitation की जाती है और वे बेचारे दब कर और influence के नीचे आ कर vote दे देते हैं। इस चीज़ को समाज से दूर करने की बहुत ज्यादा ज़रूरत है ताकि हर एक आदमी अपनी पूरी समझ के साथ independently अपने vote का इस्तेमाल कर सके। अगर वक्त पर elections होंगी तो पहली elections पर नहीं, दूसरी पर नहीं तो तीसरी elections पर ज़रूर लोग अपने सही नुमाइंदे चुन कर भेजने शुरु कर देंगे। जो लोग ऐसे एतराज़ उठाते हैं, मालूम होता है कि उन के दिमाग में कोई गलत फहमी है। उन के दिमाग में चन्द अफसरों के मुताल्लिक ख्याल है, उन को पंचायतों की as a whole working का ख्याल नहीं। मैं उन से कहूंगा कि उन को इस सारी चीज़ को अच्छी तरह से समझना चाहिये। जब मुल्क की development करने का काम, देश को आगे ले जाने का काम पंचायतों के सुपुर्द हो जाएगा तो इस से पंचायतों की importance बढ़ेगी ना कि उन की अहमियत घटेगी। मेरे opposition के भाइयों को देश की बेहतरी का ख्याल होना चाहिये। इन दोनों महकमों के इकट्ठा हो जाने से देश में Socialistic Pattern of Society जल्दी कायम होगा। मैं उन से पूछना चाहता हूं कि जब तक पंजाब में ग्राम पंचायत ऐक्ट कायम है और पैप्सू में ग्राम पंचायत राज ऐक्ट कायम है उस वक्त तक पंचायतें किस तरह से खत्म हो सकती हैं। ऐसा कोई सवाल ही पैदा नहीं होता। यहां पर Act के अंदर किसी किस्म की amendment तो हो नहीं रही। गवर्नमेंट administrative तौर पर महकमों के अफसरों को इकट्ठा करने की बात सोच रही है ताकि काम smoothly चल सके। जब तक कांग्रेस पार्टी की हकूमत देश में कायम है उस वक्त तक पंचायतें खत्म नहीं हो सकतीं। क्योंकि इस पार्टी का तो नारा ही यह है कि गांवों में पंचायतें होंगी, Co-operative Societies होंगी ताकि हर प्रकार के मामले वहीं पर बैठ कर decide हो सकें। जब यह programme है हमारी पार्टी का तो फिर पंचायतों के खत्म होने का सवाल ही पैदा नहीं होता। जब दोनों महकमों के अफसर इकट्ठे हो जाएंगे तो जो कार्यवाही गलत होती है वह रुक जाएगी और देश की development तेज़ी से होगी। इन अल्फाज़ के साथ जहां मैं वज़ीर साहिब को मुबारकबाद देता हूं वहां उन से यह भी कहूंगा कि इस कदम को और तेज़ी से बढ़ाएं ताकि लोगों की तकलीफें दूर हों और देश उन्नति के पथ पर अग्रसर हो।

ਸਿਹਤ ਮੰਤਰੀ (ਸਰਦਾਰ ਗੁਰਬੰਤਾ ਸਿੰਘ): ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ Opposition ਦੇ ਭਾਈਆਂ ਦੀਆਂ ਅਤੇ ਸਰਕਾਰੀ ਪਾਰਟੀ ਦੇ ਭਾਈਆਂ ਦੀਆਂ ਵੀ ਤਕਰੀਰਾਂ ਸੁਣੀਆਂ ਹਨ । ਬਹੁਤ ਸਾਰੇ ਭਾਈਆਂ ਨੇ ਕਿਹਾ ਹੈ ਕਿ ਗੌਰਮਿੰਟ ਪੰਚਾਇਤਾਂ ਦਾ ਨਾਂ ਨਿਸ਼ਾਨ ਮਿਟਾਉਣ ਲਗੀ ਹੈ ਅਤੇ ਪੰਚਾਇਤਾਂ ਦੀ ਅਹਿਮੀਅਤ ਘਟਾਉਣ ਲਗੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਸਾਡੀ ਪਰਾਚੀਨ ਸਮੇਂ ਦੀ ਜਿਹੜੀ ਬਣਤਰ ਸੀ ਉਸ ਨੂੰ ਸਾਡੀ ਸਰਕਾਰ ਖਤਮ ਕਰਨ ਲਗੀ ਹੈ। ਇਹ ਗਲਾਂ ਮੇਰੇ Opposition ਦੇ ਭਾਈਆਂ ਵਲੋਂ ਕਹੀਆਂ ਗਈਆਂ ਹਨ। ਮੈਨੂੰ ਅਫਸੋਸ ਹੈ ਕਿ ਉਨ੍ਹਾਂ ਦੋਸਤਾਂ ਨੇ ਸਾਡੀ ਇਸ policy ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਅਤੇ ਨਾ ਹੀ ਇਸ ਉਪਰ ਚੰਗੀ ਤਰ੍ਹਾਂ ਵਿਚਾਰ ਕੀਤਾ ਹੈ। ਉਨ੍ਹਾਂ ਨੂੰ, ਖਾਸਕਰ ਰਾਠੀ ਸਾਹਿਬ ਨੂੰ ਚਾਹੀਦਾ ਸੀ ਕਿ ਮੈਨੂੰ ਆ ਕੇ ਪਹਿਲੇ ਪੁਛਦੇ ਕਿ ਇਹ ਕੀ ਹੋਣ ਲਗਾ ਹੈ, ਪੰਚਾਇਤਾਂ ਦਾ ਨਾਂ ਨਿਸ਼ਾਨ ਕਿਉਂ ਮਿਟਾਉਣ ਲਗੇ ਹੋ ? ਮੈਨੂੰ ਨਾ ਪੁਛਦੇ ਤਾਂ Development Minister ਨੂੰ ਪੁਛਦੇ ਜਾਂ Chief Minister ਸਾਹਿਬ ਨੂੰ ਪੁਛਦੇ ਤੇ ਫਿਰ ਭਾਵੇਂ resolution ਲੈ ਆਉਂਦੇ । ਮੈਂ ਪਿੰਡ ਦਾ ਰਹਿਣ ਵਾਲਾ ਹਾਂ । Minister ਬਣਨ ਤੋਂ ਪਹਿਲਾਂ ਆਪਣੇ ਪਿੰਡ ਦੀ ਪੰਚਾਇਤ ਦਾ ਸਰਪੰਚ ਸਾਂ । ਬਾਅਦ ਵਿਚ ਪੰਚਾਇਤਾਂ ਦਾ ਵਜ਼ੀਰ ਬਣਿਆ। ਮੈਨੂੰ ਪੰਚਾਇਤਾਂ ਦਾ ਜ਼ਾਤੀ ਤਜਰਬਾ ਹੈ, ਬਤੌਰ Minister ਦੇ ਵੀ ਤਜਰਬਾ ਹੈ । ਜਦੋਂ ਮੈਂ ਪਿੰਡਾਂ ਵਿਚ ਜਾਂਦਾ ਹਾਂ ਤਾਂ ਲੋਕ ਪੰਚਾਇਤਾਂ ਦੀਆਂ ਗੱਲਾਂ ਕਰਦੇ ਹਨ। ਦੋ ਤਿੰਨ ਗਲਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਉਨ੍ਹਾਂ ਦੀ ਤਕਲੀਫ ਮਹਿਸੂਸ ਹੁੰਦੀ ਹੈ। ਪਹਿਲੀ ਗਲ ਤਾਂ ਇਹ ਕਿ ਪੰਚਾਇਤਾਂ ਅਸਾਂ ਬਣਾਈਆਂ, ਉਨ੍ਹਾਂ ਨੂੰ ਅਧਿਕਾਰ ਦਿਤੇ ਪਰ ਉਨ੍ਹਾਂ ਦੀ income ਥੋੜੀ ਹੈ। ਉਨ੍ਹਾਂ ਨੂੰ State ਦੇ ਖਜ਼ਾਨੇ ਵਿਚੋਂ ਪਿੰਡਾਂ ਦੇ ਮਾਲੀਏ ਦਾ 10% ਮਿਲਦਾ ਹੈ। ਜੇਕਰ ਉਹ ਪਿੰਡਾਂ ਵਿਚ ਕੁਝ ਹੋਰ ਪੈਸਾ ਇਕੱਠਾ ਕਰ ਲੈਣ ਤਾਂ 25% ਤਕ ਚਲੀਆਂ ਜਾਂਦੀਆਂ ਹਨ। 10% ਦੇ ਹਿਸਾਬ ਨਾਲ ਪੰਜਾਬ ਦੀਆਂ ਪੰਚਾਇਤਾਂ ਨੂੰ 21 ਲਖ ਰੁਪੈ ਦੀ land revenue ਵਿਚੋਂ ਮਦਦ ਮਿਲਦੀ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਤੇ ਪਿੰਡ ਦੇ ਰਹਿਣ ਵਾਲੇ ਹੋ ਤੁਹਾਨੂੰ ਪਤਾ ਹੋਵੇਗਾ ਕਿ ਕਈਆਂ ਪਿੰਡਾਂ ਦਾ ਮਾਲੀਆ ਐਨਾ ਥੋੜਾ ਹੁੰਦਾ ਹੈ ਕਿ ਪਿੰਡਾ ਵਿਚੋਂ 70, 80 ਰੁਪਏ ਸਾਰੇ land revenue ਦੇ ਬਣਦੇ ਹਨ। 80 ਰੁਪਿਆਂ ਵਿਚੋਂ 6 ਰੁਪੈ ਮਹੀਨੇ ਦੇ ਹਿਸਾਬ ਨਾਲ 72 ਰੁਪਏ ਪੰਚਾਇਤ ਦਾ Secretary ਲੈ ਜਾਂਦਾ ਹੈ । ਬਾਕੀ ਉਨ੍ਹਾਂ ਕੋਲ 8 ਰੁਪਏ ਰਹਿ ਜਾਂਦੇ ਹਨ। ਹੁਣ ਅੱਠਾਂ ਸੱਤਾਂ ਰੁਪਿਆਂ ਵਿਚ ਪੰਚਾਇਤ ਦਾ ਕੀ ਕੰਮ ਚਲ ਸਕਦਾ ਹੈ। ਫਿਰ ਪੰਚਾਇਤਾਂ ਜਾਂ ਤੇ ਚੁੱਲ੍ਹਾ ਟੈਕਸ ਲਗਾਉਣ ਅਤੇ ਜਾਂ ਕੋਈ ਹੋਰ ਟੈਕਸ ਲਗਾਉਣ । ਇਹ ਚੰਗੀ ਗਲ ਹੈ ਜੇ ਕੋਈ ਟੈਕਸ ਪਿੰਡਾਂ ਦੀ ਬਿਹਤਰੀ ਲਈ ਲਗਾਇਆ ਜਾਏ ਤਾਂ । ਪਰ ਜਦੋਂ ਲੋਕ ਟੈਕਸ ਨਹੀਂ ਦਿੰਦੇ ਤਾਂ ਪੰਚ ਅਤੇ ਸਰਪੰਚ ਉਨ੍ਹਾਂ ਕੋਲੋਂ ਵਸੂਲੀ ਕਰਨ ਲਗੇ ਝਿਜਕਦੇ ਹਨ, ਉਹ ਡਰਦੇ ਹਨ ਕਿ ਪਿੰਡਾਂ ਦੇ ਲੋਕ ਕਿਧਰੇ ਉਨ੍ਹਾਂ ਦੇ ਖਿਲਾਫ ਨਾ ਹੋ ਜਾਣ। ਇਸੇ ਵਜ੍ਹਾ ਕਰਕੇ ਚੁਲ੍ਹਾ ਟੈਕਸ ਦਾ ਅਜੇ 40 ਲਖ ਰੁਪਿਆ ਵਸੂਲ ਨਹੀਂ ਹੋਇਆ । ਇਹ ਪੰਚਾਇਤਾਂ ਦੀ ਜ਼ਿਮੇਂਦਾਰੀ ਹੈ। ਕਹਿਣ ਦਾ ਮਤਲਬ ਇਹ ਹੈ ਕਿ ਪੰਚਾਇਤਾਂ ਦੀ income ਬਹੁਤ ਘਟ ਹੈ । ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਉਨ੍ਹਾਂ ਦੀ income ਨੂੰ ਵਧਾਈਏ । ਜਿਹੜੇ ਪੰਚਾਇਤ ਅਫਸਰ ਹਨ, ਜਿਨ੍ਹਾਂ ਨੂੰ Tehsil Panchayat Officers ਕਹਿੰਦੇ ਹਨ ਉਨ੍ਹਾਂ ਨੂੰ ਤਕਰੀਬਨ ਸੌ ਸੌ ਜਾਂ ਡੇਢ ਡੇਢ ਸੌ ਪਿੰਡਾਂ ਨੂੰ ਵੇਖਣਾ ਪੈਂਦਾ ਹੈ । ਇਸ ਹਿਸਾਬ ਨਾਲ ਉਨ੍ਹਾਂ ਨੂੰ ਸਾਲ ਵਿਚ ਕਈਆਂ ਪਿੰਡਾਂ ਦੀ ਪੜਤਾਲ ਕਰਨ ਦਾ ਮੌਕਾ ਇਕ ਵਾਰ ਵੀ ਨਹੀਂ ਮਿਲਦਾ । ਲੋਕ

ਕਹਿੰਦੇ ਹਨ ਕਿ ਪੰਚਾਇਤ ਅਫਸਰ ਜ਼ਿਆਦਾ ਵਕਤ ਦੇਣ। ਪੰਚ ਅਤੇ ਸਰਪੰਚ ਅਨਪੜ੍ਹ ਹੁੰਦੇ ਹਨ ਕਈ ਗਲਤੀਆਂ ਵੀ ਕਰ ਬੈਠਦੇ ਹਨ। ਜੇਕਰ ਉਨ੍ਹਾਂ ਦੀ supervision ਜ਼ਿਆਦਾ ਹੋ ਜਾਵੇ ਤਾਂ ਉਨ੍ਹਾਂ ਦੀਆਂ ਗਲਤੀਆਂ ਘਟ ਜਾਣਗੀਆਂ। ਇਸ ਦੇ ਅਲਾਵਾ ਸਭ ਤੋਂ ਵੱਡੀ ਗਲ ਇਹ ਹੈ ਕਿ ਪੰਚਾਇਤਾਂ ਕੋਲੋਂ Secretaries ਨੂੰ ਤਨਖਾਹਾਂ ਦਵਾਈਆਂ ਜਾਂਦੀਆਂ ਹਨ। ਜੇਕਰ ਸਾਰਾ total ਲਗਾਇਆ ਜਾਵੇ ਤਾਂ Secretaries 9 ਲੱਖ ਰੁਪਿਆ ਲੈ ਜਾਂਦੇ ਹਨ। ਰਾਠੀ ਸਾਹਿਬ ਨੇ ਇਕ seminar ਦਾ ਜ਼ਿਕਰ ਕੀਤਾ ਹੈ। ਉਸ ਵਿਚ ਬਹਿਸ ਹੋਈ ਸੀ ਕਿ Secretaries ਦੀ ਤਨਖਾਹ ਸਰਕਾਰ ਦੇਵੇ ਕਿਉਂ ਜੋ ਪੰਚਾਇਤਾਂ ਦੀ income ਬਹੁਤ ਘਟ ਹੈ। ਜੇਕਰ ਸਰਕਾਰ Secretaries ਦੀ ਤਨਖਾਹ ਆਪਣੇ ਕੋਲੋਂ ਦੇਵੇ ਤਾਂ ਪੰਚਾਇਤਾਂ ਦੀ ਆਮਦਨ ਵਧ ਸਕਦੀ ਹੈ। ਇਸੇ ਤਰ੍ਹਾਂ ਹੋਰ ਵੀ ਪੰਚਾਇਤਾਂ ਨੂੰ ਬਹੁਤ ਤਕਲੀਫ਼ਾਂ ਨੇ ਜਿਹੜੀਆਂ ਅਸਾਂ ਦੂਰ ਕਰਨੀਆਂ ਨੇ।

ਸਰਦਾਰ ਰਾਮਦਿਆਲ ਸਿੰਘ : On a point of information, Sir. ਕੀ ਮੈਂ ਵਜ਼ੀਰ ਸਾਹਿਬ ਨੂੰ ਪੁਛ ਸਕਦਾ ਹਾਂ ਕਿ ਨਵੇਂ set up ਵਿਚ ਜਿਹੜੇ ਪੰਚਾਇਤਾਂ ਦੇ ਸੈਕਟਰੀ ਹਨ, ਉਹ ਇਸੇ ਤਰ੍ਹਾਂ ਰਹਿਣਗੇ ਜਾਂ ਉਡ ਜਾਣਗੇ।

ਸਿਹਤ ਮੰਤਰੀ: ਤੁਸੀਂ ਸੁਣੋ, ਮੈਂ ਸਭ ਕੁਝ ਦਸ ਦੇਂਦਾ ਹਾਂ। Government of India ਨੇ ਵੀ ਇਨ੍ਹਾਂ ਤਕਲੀਫਾਂ ਨੂੰ ਮਹਿਸੂਸ ਕੀਤਾ ਹੈ। ਇਸੇ ਮਕਸਦ ਲਈ ਉਨ੍ਹਾਂ ਨੇ Development Commissioners ਔਰ ਪੰਚਾਇਤਾਂ ਦੇ ਮਨਿਸਟਰਾਂ ਦੀ ਇਕ Conference ਬੁਲਾਈ ਸੀ। ਉਨ੍ਹਾਂ ਨੇ ਇਨ੍ਹਾਂ ਤਕਲੀਫਾਂ ਦਾ ਅਹਿਸਾਸ ਕੀਤਾ। ਸਪੀਕਰ ਸਾਹਿਬ, ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਪੰਚਾਇਤਾਂ ਦੇ ਕੰਮ ਦੀ ਕਾਫੀ ਤਾਰੀਫ ਕੀਤੀ ਗਈ ਹੈ। ਮੇਰੇ ਦੋਸਤ ਰਾਠੀ ਸਾਹਿਬ ਨੇ ਵੀ ਇਸ ਗਲ ਦੀ ਤਾਰੀਫ ਕੀਤੀ ਹੈ ਕਿ ਪੰਚਾਇਤਾਂ ਨੇ ਬੜਾ ਚੰਗਾ ਕੰਮ ਕੀਤਾ ਹੈ। ਇਹ ਵੀ ਮੰਨਿਆ ਗਿਆ ਹੈ ਕਿ ਪੰਚਾਇਤਾਂ ਦੇ ਕੰਮ ਵਿਚ ਕੋਈ ਰਿਸ਼ਵਤ ਜਾਂ corruption ਨਹੀਂ ਚਲਦੀ।

ਹੁਣ ਮੈਂ ਆਪ ਦੀ ਰਾਹੀਂ House ਨੂੰ ਇਹ ਦਸਣਾ ਚਾਹੁੰਦਾ ਹਾਂ ਕਿ B.D.Os. ਔਰ ਪੰਚਾਇਤ ਅਫਸਰ ਕੀ ਕੀ ਕੰਮ ਕਰਦੇ ਨੇ। ਸਾਡੇ Panchayat Officers ਦੀਆਂ ਦੋ ਕਿਸਮ ਦੀਆਂ duties ਹਨ— ਇਕ development side ਵਲ ਅਤੇ ਦੂਜੇ judicial side ਵਲ ਯਾਨੀ ਕਈ ਛੋਟੇ ਮੋਟੇ ਮੁਕਦਮੇ ਹੁੰਦੇ ਹਨ, ਝਗੜੇ ਹੁੰਦੇ ਹਨ ਜਿਨ੍ਹਾਂ ਵਿਚ ਸਮਝੌਤੇ ਕਰਾਉਣੇ ਹੁੰਦੇ ਹਨ ਜਾਂ ਫੈਸਲੇ ਕਰਨੇ ਹੁੰਦੇ ਹਨ। ਇਸ ਦੇ ਨਾਲ B.D.O.s ਦੀ duty ਇਹ ਹੈ ਕਿ ਉਹ ਪੰਚਾਇਤਾਂ ਨੂੰ ਦੱਸਣ ਕਿ ਕਿਸ ਤਰ੍ਹਾਂ ਚੰਗੀ ਫਸਲ ਬੀਜਣੀ ਚਾਹੀਦੀ ਹੈ, ਕਿਸ ਤਰ੍ਹਾਂ ਪਿੰਡ ਦੀ ਬਿਹਤਰੀ ਕਰਨੀ ਹੈ, ਕਿਸ ਤਰ੍ਹਾਂ ਪਿੰਡ ਦੀਆਂ ਗਲੀਆਂ, ਨਾਲੀਆਂ ਅਤੇ ਖੂਹਾਂ ਨੂੰ ਚੰਗਾ ਬਣਾਇਆ ਜਾ ਸਕਦਾ ਹੈ ਅਤੇ ਕਿਸ ਤਰ੍ਹਾਂ ਪਿੰਡ ਵਿਚ ਤਰੱਕੀ ਦੇ ਉਸਾਰੂ ਕੰਮ ਕਰਨੇ ਹਨ।

ਕਈਆਂ ਭਰਾਵਾਂ ਨੇ ਇਹ ਸ਼ਕ ਜ਼ਾਹਿਰ ਕੀਤਾ ਹੈ ਕਿ ਜਿਸ ਤਰ੍ਹਾਂ ਇਨ੍ਹਾਂ ਦੋਨਾਂ ਮਹਿਕਮਿਆਂ ਨੂੰ ਮਿਲਾਇਆ ਜਾ ਰਿਹਾ ਹੈ ਉਸ ਨਾਲ ਪੰਚਾਇਤਾਂ ਦਾ ਨਾਮੋ ਨਿਸ਼ਾਨ ਹੀ ਮਿਟ ਜਾਏਗਾ। ਪਰ ਮੈਂ ਆਪ ਦੀ ਰਾਹੀਂ ਉਨ੍ਹਾਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਪੰਚਾਇਤਾਂ ਦਾ ਨਾਂ ਮਿਟਾਉਣ ਲਈ ਹਰਗਿਜ਼ ਤਿਆਰ ਨਹੀਂ—ਕਿਸੇ cost ਤੇ ਵੀ ਤਿਆਰ ਨਹੀਂ।

[ਸਿਹਤ ਮੰਤਰੀ]

ਅਸੀਂ ਇਸ ਤਰੀਕੇ ਨਾਲ—ਦੋਹਾਂ ਮਹਿਕਮਿਆਂ ਨੂੰ ਇਕਠਿਆਂ ਰਲਾ ਕੇ ਸਗੋਂ ਪੰਚਾਇਤਾਂ ਨੂੰ ਹੋਰ ਜ਼ਿਆਦਾ ਤਾਕਤ ਦੇਣੀ ਚਾਹੁੰਦੇ ਹਾਂ। ਖੁਦ ਸਾਡੀ Constitution ਦੀ ਦਫਾ 40 ਵਿਚ ਇਹ ਦਰਜ ਹੈ ਕਿ ਮੁਲਕ ਦੇ ਪਿੰਡਾਂ ਵਿਚ ਪੰਚਾਇਤਾਂ organise ਕੀਤੀਆਂ ਜਾਣ ਅਤੇ ਉਨ੍ਹਾਂ ਨੂੰ ਜਿਤਨੀ ਜ਼ਰੂਰਤ ਹੋਵੇ powers ਦਿਤੀਆਂ ਜਾਣ। ਜਦ Constitution ਵਿਚ ਇਹ provision ਦਰਜ ਹੈ ਤਾਂ ਪੰਜਾਬ ਸਰਕਾਰ ਜਾਂ ਕਿਸੇ ਸੱਜਨ ਦਾ ਕੀ ਹਕ ਹੈ ਕਿ ਇਨ੍ਹਾਂ ਚੀਜ਼ਾਂ ਨੂੰ ਮਿਟਾ ਸਕੇ। ਅਸੀਂ ਵੀ ਪੰਚਾਇਤਾਂ ਨੂੰ ਜ਼ਿਆਦਾ ਤਾਕਤ ਦੇਣ ਲਗੇ ਹਾਂ। ਪਹਿਲੇ ਪੰਚਾਇਤਾਂ ਨੂੰ ਬਿਲਕੁਲ ਥੋੜੇ ਜਿਹੇ ਪੈਸੇ ਮਿਲਦੇ ਸੀ—ਠੀਕ ਹੈ ਕਿ ਕੁਝ ਪਿੰਡਾਂ ਨੂੰ special grants ਵੀ ਮਿਲਦੀਆਂ ਸਨ ਪਰ ਉਨ੍ਹਾਂ ਨਾਲ ਉਨ੍ਹਾਂ ਦਾ ਗੁਜ਼ਾਰਾ ਨਹੀਂ ਸੀ ਹੁੰਦਾ। ਜਿਹੜਾ ਪੈਸਾ blocks ਨੂੰ ਪੰਚਾਇਤਾਂ ਦੀ development ਲਈ ਮਿਲਦਾ ਹੈ ਇਹ B.D.O. ਦੀ ਮਰਜ਼ੀ ਤੇ ਹੁੰਦਾ ਹੈ ਕਿ ਉਹ ਚਾਹੇ ਕਿਸੇ ਪਿੰਡ ਵਿਚ ਜ਼ਿਆਦਾ ਖਰਚ ਕਰੇ ਜਾਂ ਘਟ। ਉਸ ਦਾ ਕੋਈ ਹਿਸਾਬ ਕਿਤਾਬ ਨਹੀਂ ਰਖਿਆ ਜਾਂਦਾ। ਕਈਆਂ ਪਿੰਡਾਂ ਵਿਚ ਲੋਕਾਂ ਨੇ ਸ਼ਿਕਾਇਤਾਂ ਕੀਤੀਆਂ ਹਨ ਕਿ ਫਲਾਨੇ B.D.O. ਨੇ ਫਲਾਨੇ ਆਦਮੀ ਦੀ ਮਾਰਫਤ ਐਨਾ ਪੈਸਾ ਖਰਚ ਕੀਤਾ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਦ ਇਨ੍ਹਾਂ ਦੋਹਾਂ ਮਹਿਕਮਿਆਂ ਨੂੰ ਇਕਠੇ ਕੀਤਾ ਜਾਏਗਾ ਤਾਂ ਉਹ ਜਿਹੜਾ ਪੈਸਾ blocks ਵਿਚ ਖਰਚ ਕਰਦੇ ਨੇ ਉਹ ਸਾਰਾ ਪੰਚਾਇਤਾਂ ਦੀ ਮਾਰਫਤ ਖਰਚ ਕੀਤਾ ਜਾਵੇਗਾ। ਇਸ ਨਾਲ ਪੰਚਾਇਤਾਂ ਦੀ ਆਮਦਨ ਵਿਚ ਇਜ਼ਾਫ਼ਾ ਹੋਵੇਗਾ। ਜਿਹੜਾ ਪੈਸਾ ਖਰਚ ਕੀਤਾ ਜਾਏਗਾ ਉਹ ਪੰਚਾਇਤਾਂ ਦੀ ਮਰਜ਼ੀ ਨਾਲ ਹੋਵੇਗਾ, ਉਹ ਉਸ ਦੇ ਮੁਤਾਬਕ ਬਾਕਾਇਦਾ resolution ਪਾਸ ਕਰਨਗੀਆਂ ਕਿ ਐਨਾ ਪੈਸਾ ਇਸ ਢੰਗ ਨਾਲ ਖਰਚ ਕੀਤਾ ਜਾਣਾ ਹੈ। ਇਸ ਤਰ੍ਹਾਂ ਪੰਚਾਇਤਾਂ ਨੂੰ ਜ਼ਿਆਦਾ ਪੈਸਾ ਮਿਲੇਗਾ, ਉਹ ਆਪਣੇ development ਦੇ ਕੰਮ ਚੰਗੀ ਤਰ੍ਹਾਂ ਨਾਲ ਕਰ ਸਕਣਗੀਆਂ।

ਹੁਣ ਮੈਂ ਅਰਜ਼ ਕਰਦਾ ਹਾਂ ਕਿ amalgamation ਦੇ ਇਸ step ਨੂੰ ਲੈਣ ਦੀ background ਕੀ ਹੈ। ਰਾਠੀ ਸਾਹਿਬ ਨੇ ਇਹ ਇਲਜ਼ਾਮ ਲਾਇਆ ਹੈ ਕਿ ਇਕ ਹੀ Director ਸਾਡੇ ਹਰਿਆਨੇ ਪ੍ਰਾਂਤ ਦਾ ਹੈ, ਉਸ ਦੀ post ਨੂੰ ਵੀ ਉੜਾਇਆ ਜਾ ਰਿਹਾ ਹੈ। ਮੈਂ ਦਸਦਾ ਹਾਂ ਕਿ ਇਹ ਗਲ ਨਹੀਂ। ਮੈਂ ਤੁਹਾਨੂੰ ਦਸਦਾ ਹਾਂ ਕਿ ਇਹ ਸਿਲਸਿਲਾ ਕਿਥੋਂ ਸ਼ੁਰੂ ਹੋਇਆ। ਜਦੋਂ ਦੀਪ ਚੰਦ ਜੀ Director of Panchayats ਬਣੇ ਵੀ ਨਹੀਂ ਸਨ ਕਿ ਮਿਸਟਰ ਵਾਸੁਦੇਵਾ ਨੇ ਇਸ ਕੇਸ ਨੂੰ ਸ਼ੁਰੂ ਕੀਤਾ ਸੀ। ਉਸ ਵੇਲੇ ਉਨ੍ਹਾਂ ਨੇ ਇਕ note put up ਕੀਤਾ ਕਿ ਚੂੰਕਿ ਪੰਚਾਇਤ ਅਫਸਰਾਂ ਦੀ ਤਾਦਾਦ ਘਟ ਹੈ ਇਸ ਲਈ 115 ਪੰਚਾਇਤ ਅਫਸਰਾਂ ਦੀ ਤਾਦਾਦ ਹੋਰ ਵਧਾ ਦਿਤੀ ਜਾਵੇ। ਇਸੇ ਚੀਜ਼ ਤੋਂ merger ਦਾ ਖਿਆਲ ਪੈਦਾ ਹੋਇਆ ਕਿ ਬਜਾਏ 115 post ਨਵੀਆਂ create ਕਰਨ ਦੇ S.E.Os. ਨੂੰ ਹੀ Panchayat ਅਫਸਰ ਬਣਾ ਦਿੱਤਾ ਜਾਵੇ। ਉਨ੍ਹਾਂ ਦਾ ਨਾਮ Panchayat Officer-cum—Social Education Organiser ਰਖਿਆ ਜਾਵੇਗਾ। ਉਹ duties ਪੰਚਾਇਤ ਅਫਸਰਾਂ ਦੀਆਂ ਵੀ discharge ਕਰਨਗੇ। ਜਿਥੇ ਸਾਡਾ ਇਕ Tehsil Panchayat officer 120—125 ਪਿੰਡਾਂ ਦੀ ਪੜਤਾਲ ਕਰਦਾ ਸੀ ਉਥੇ ਹੁਣ ਇਕ ਪੰਚਾਇਤ ਅਫਸਰ ਦੇ ਪਾਸ 50 ਅਤੇ 60 ਜਾਂ 60 ਅਤੇ 70 ਦੇ ਦਰਮਿਆਨ ਪੰਚਾਇਤਾਂ ਰਹਿ ਜਾਣਗੀਆਂ ਜਿਨ੍ਹਾਂ ਦੀ ਪੜਤਾਲ ਉਹ ਹੁਣ ਅੱਛੀ ਤਰ੍ਹਾਂ ਕਰ ਸਕਣਗੇ। ਅਛੀ ਤਰ੍ਹਾਂ ਲੋਕਾਂ ਨੂੰ guidance ਦੇ ਸਕਣਗੇ ਅਤੇ area ਥੋੜਾ ਹੋਣ ਕਰਕੇ ਸਾਲ ਵਿਚ ਹਰ ਪੰਚਾਇਤ

ਦੀ checking ਘਟ ਤੋਂ ਘਟ ਇਕ ਦੋ ਵਾਰੀ ਜ਼ਰੂਰ ਕਰ ਸਕਣਗੇ । ਅਸੀਂ B.D.Os. ਨੂੰ ਵੀ Panchayat Officer-cum-B.D.O. ਦਾ designation ਦੇਣਾ ਚਾਹੁੰਦੇ ਹਾਂ । ਉਨ੍ਹਾਂ ਕੋਲੋਂ ਉਹ ਕੰਮ ਲਿਆ ਜਾਵੇਗਾ ਜਿਹੜਾ ਕਿ ਹੁਣ ਸਾਡੇ District Panchayat Officers ਕਰ ਰਹੇ ਹਨ । ਇਸ ਤਰੀਕੇ ਨਾਲ ਪੰਚਾਇਤਾਂ ਦਾ ਕੰਮ ਬੜੀ ਤੇਜ਼ੀ ਨਾਲ ਅਤੇ ਚੰਗਾ ਹੋਵੇਗਾ । ਇਸ ਤਰ੍ਹਾਂ ਗਲਤੀਆਂ ਦੀ ਵੀ ਕੋਈ ਗੁੰਜਾਇਸ਼ ਨਹੀਂ ਰਹੇਗੀ । ਇਸੇ ਤਰ੍ਹਾਂ ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਪਹਿਲੇ District Panchayat Officers ਹੁੰਦੇ ਸਨ ਉਨ੍ਹਾਂ ਦੀ ਜਗ੍ਹਾ ਹੁਣ District Panchayat Officer-cum-Development Officers ਮੁਕੱਰਰ ਕਰਾਂਗੇ ਜਿਹੜੇ P.C.S. ਦੇ status ਦੇ ਹੋਣਗੇ । ਤੁਸੀਂ ਸੁਣਕੇ ਖੁਸ਼ ਹੋਵੋਗੇ ਕਿ ਜਿਹੜੇ ਸਾਡੇ ਮੌਜੂਦਾ District Panchayat Officers ਹਨ, ਅਸੀਂ ਇਹ ਫੈਸਲਾ ਕੀਤਾ ਹੈ ਕਿ ਉਨ੍ਹਾਂ ਵਿਚੋਂ 9 ਅਜਿਹੇ ਅਫ਼ਸਰ ਚੁਣਾਂਗੇ ਜਿਨ੍ਹਾਂ ਨੂੰ P.C.S. grade ਦੇਵਾਂਗੇ ਔਰ ਜਿਨ੍ਹਾਂ ਨੂੰ District Panchayat Officer-cum-Development Officer ਦਾ ਨਾਮ ਦੇ ਕੇ ਉਨ੍ਹਾਂ ਕੋਲੋਂ ਪੰਚਾਇਤਾਂ ਦੀ supervision ਕਰਵਾਂਗੇ । ਇਨ੍ਹਾਂ ਹਾਲਾਤ ਵਿਚ ਮੈਂ ਸਮਝਦਾ ਹਾਂ ਕਿ ਜਿਹੜੇ ਦੋਸਤਾਂ ਨੇ ਇਹ ਸ਼ਕ ਜ਼ਾਹਿਰ ਕੀਤਾ ਹੈ ਕਿ ਪੰਚਾਇਤਾਂ ਦਾ ਨਾਮੋਨਿਸ਼ਾਨ ਮਿਟਾ ਦਿੱਤਾ ਜਾਵੇਗਾ, ਉਨ੍ਹਾਂ ਦਾ ਸ਼ਕ baseless ਹੈ । ਮੈਂ ਅਰਜ਼ ਕਰਦਾ ਹਾਂ ਕਿ ਇਸ ਤਰੀਕੇ ਦੇ ਨਾਲ ਪੰਚਾਇਤਾਂ ਨੂੰ ਜ਼ਿਆਦਾ ਅਖਤਿਆਰ ਮਿਲਣਗੇ, ਇਸ ਤਰੀਕੇ ਨਾਲ ਉਹ ਜ਼ਿਆਦਾ ਤੇਜ਼ੀ ਨਾਲ ਕੰਮ ਕਰ ਸਕਣਗੀਆਂ । ਇਸ ਦੇ ਅਲਾਵਾ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਨੇ ਜਿਹੜੀਆਂ ਮੈਂ ਅਰਜ਼ ਕਰਨੀਆਂ ਨੇ ।

ਮੇਰੇ ਇਕ ਦੋਸਤ ਨੇ ਕਿਹਾ ਹੈ ਕਿ ਇਸ ਦਾ ਅਸਾਂ ਲਾਭ ਅਤੇ ਨੁਕਸਾਨ ਨਹੀਂ ਦਸਿਆ ਜੋ ਇਸ ਤਰੀਕੇ ਨਾਲ ਹੋਣਾ ਹੈ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਤਰੀਕੇ ਨਾਲ ਸਾਡੀ State ਨੂੰ 6 ਲਖ ਰੁਪਏ ਸਾਲ ਦੀ ਬਚਤ ਹੋਵੇਗੀ । ਪਹਿਲੇ ਇਨ੍ਹਾਂ ਮਹਿਕਮਿਆਂ ਤੇ duplicate ਖਰਚ ਕੀਤਾ ਜਾਂਦਾ ਸੀ ਹੁਣ ਇਹ duplication ਹਟ ਜਾਵੇਗੀ ਤੇ ਇਸ ਤਰ੍ਹਾਂ 6 ਲਖ ਰੁਪਏ ਦੀ ਬਚਤ ਹੋ ਜਾਵਗੀ ।

ਇਸ ਤੋਂ ਅਲਾਵਾ ਸਾਡੀ ਸਰਕਾਰ ਦਾ ਇਹ ਮਨਸ਼ਾ ਹੈ ਕਿ ਪੰਚਾਇਤਾਂ ਨੂੰ ਆਪਣੇ Secretary ਦੀ ਜੋ ਤਨਖਾਹ ਦੇਣੀ ਪੈਂਦੀ ਸੀ ਜਿਹੜਾ ਕਿ ਉਨ੍ਹਾਂ ਲਈ ਰਖਿਆ ਜਾਂਦਾ ਸੀ, ਉਸ ਦੀ ਥਾਂ ਜਦੋਂ ਅਸਾਂ ਹੁਣ ਪੰਚਾਇਤ ਅਫਸਰ ਅਤੇ B.D.O., ਅੱਕਠੇ ਕਰ ਦਿੱਤੇ ਹਨ, ਤਾਂ ਜਿਹੜੇ Village Level Workers ਹਨ ਉਨ੍ਹਾਂ ਤੋਂ ਪੰਚਾਇਤ ਦੇ ਸੈਕਰੇਟਰੀ ਦਾ ਕੰਮ ਲਿਆ ਜਾਏ ਤੇ ਇਸ ਤਰ੍ਹਾਂ Secretary ਦੀ ਤਨਖਾਹ ਦਾ ਖਰਚ, ਜਿਹੜਾ ਕਿ ਪੰਚਾਇਤਾਂ ਨੂੰ ਦੇਣਾ ਪੈਂਦਾ ਸੀ ਉਹ ਬਚ ਜਾਵੇਗਾ । ਪਰ ਇਹ ਮੈਂ ਦਸ ਦਿਆਂ ਕਿ ਹਾਲਾਂ ਸਾਡੀ ਸਰਕਾਰ ਨੇ ਇਸ ਬਾਰੇ ਪੂਰਾ ਫੈਸਲਾ ਨਹੀਂ ਕੀਤਾ । ਹਾਲਾਂ ਇਹ proposal ਸਾਡੀ ਸਰਕਾਰ ਅਗੇ ਹੈ । ਜੇਕਰ ਅਸਾਂ ਇਹ ਚੀਜ਼ ਇਸ ਤਰ੍ਹਾਂ ਕਰ ਲਈ ਅਤੇ ਇਸ ਵਿਚ ਅਸੀਂ ਕਾਮਯਾਬ ਹੋ ਗਏ ਤਾਂ ਇਸ ਤਰ੍ਹਾਂ ਤਕਰੀਬਨ 9 ਲਖ ਰੁਪਿਆ ਪੰਚਾਇਤਾਂ ਨੂੰ ਬਚ ਜਾਵੇਗਾ ।

ਫਿਰ ਇਹ ਗਲ ਪੁਛੀ ਗਈ ਹੈ ਕਿ ਇਸ ਵੇਲੇ ਪੰਚਾਇਤਾਂ ਦੇ ਜੋ ਸੈਕਟਰੀ ਕੰਮ ਕਰ ਰਹੇ ਹਨ ਉਨ੍ਹਾਂ ਦਾ ਕੀ ਬਣੇਗਾ । ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਇਸ ਬਾਰੇ ਜਿਹੜਾ ਇਹ ਡਰ ਜਾਹਰ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਨੌਕਰੀ ਤੋਂ ਕਢ ਦਿੱਤਾ

[ਸਿਹਤ ਮੰਤਰੀ]

ਜਾਵੇਗਾ, ਇਹ ਫਜ਼ੂਲ ਡਰ ਹੈ । ਸਾਡੇ ਪਾਸ ਉਨ੍ਹਾਂ ਨੂੰ absorb ਕਰਨ ਲਈ ਕਾਫੀ ਗੁੰਜਾਇਸ਼ ਹੈ । ਅਸੀਂ Subordinate Services Selection Board ਨੂੰ ਮਜਬੂਰ ਕਰਾਂਗੇ ਕਿ ਕਿਉਂਕਿ ਇਹ ਆਦਮੀ trained ਹਨ ਅਤੇ ਇਨ੍ਹਾਂ ਨੂੰ ਪੰਚਾਇਤਾਂ ਅਤੇ development ਦੇ ਕੰਮਾਂ ਦਾ ਕਾਫੀ ਤਜਰਬਾ ਹਾਸਲ ਹੈ ਇਸ ਲਈ ਜਿਸ ਵੇਲੇ ਉਹ Village Level Workers ਦੀ selection ਕਰਨ ਤਾਂ ਇਨ੍ਹਾਂ ਨੂੰ ਜ਼ਰੂਰ preference ਦੇਣ । (*Interruptions*) ਤੁਸੀਂ ਘਬਰਾਉ ਨਹੀਂ ਸਾਡੀ ਤਜਵੀਜ਼ ਇਹ ਹੈ । ਲੇਕਿਨ ਇਹ ਆਹਿਸਤਾ ਆਹਿਸਤਾ ਸਾਰੀ ਪੂਰੀ ਹੋ ਜਾਵੇਗੀ । ਇਸ ਤੋਂ ਅਲਾਵਾ ਹਾਲਾਂ ਤਾਂ ਸਾਰੇ ਪੰਜਾਬ ਵਿਚ block ਹੀ ਨਹੀਂ ਬਣੇ । ਇਸ ਲਈ ਜਿਹੜੇ non-block areas ਹਨ ਉਨ੍ਹਾਂ ਦੀਆਂ ਪੰਚਾਇਤਾਂ ਵਿਚ ਹਾਲੇ Secretary ਰਹਿਣੇ ਹਨ ਇਸ ਲਈ ਅਗੇ ਲਗੇ ਹੋਏ ਆਦਮੀਆਂ ਨੂੰ ਜਵਾਬ ਦੇ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ।

ਫਿਰ ਇਹ ਸ਼ਕ ਜ਼ਾਹਰ ਕੀਤਾ ਗਿਆ ਹੈ ਕਿ Director, Panchayats ਜੋ ਇਸ ਵੇਲੇ ਲਗਾ ਹੋਇਆ ਹੈ ਉਸ ਦੀ post ਹਟਾ ਕੇ ਘਟ ਕਰ ਦਿੱਤੀ ਗਈ ਹੈ । ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ Director Panchayats ਦਾ ਅਹੁਦਾ ਬਢ਼ਾਉਣ ਲਈ ਉਸ ਦਾ ਅਹੁਦਾ Director, Panchayats-cum-Deputy Secretary, Development ਕਰ ਦਿੱਤਾ ਹੈ ।

ਡਿਪਟੀ ਸਪੀਕਰ ਸਾਹਿਬ, ਪੰਚਾਇਤਾਂ ਬਾਰੇ ਮੈਨੂੰ ਜ਼ਾਤੀ ਤਜਰਬਾ ਹੈ ਇਸ ਲਈ ਮੈਂ ਤੁਹਾਡੀ ਮਾਰਫਤ ਅਸੈਂਬਲੀ ਦੇ ਮੈਂਬਰਾਂ ਅਗੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਇਹ ਸਕੀਮ ਚਾਲੂ ਹੋਵੇਗੀ ਤਾਂ ਪਿੰਡਾਂ ਦੀ ਹਾਲਤ ਚੰਗੀ ਹੋ ਜਾਵੇਗੀ ਔਰ ਸੋਹਣੇ ਤਰੀਕੇ ਨਾਲ ਉਨ੍ਹਾਂ ਦੀ ਤਰੱਕੀ ਸ਼ੁਰੂ ਹੋ ਜਾਵੇਗੀ । ਇਸ ਲਈ ਰਾਠੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ Director ਸਾਹਿਬ ਜਿਨ੍ਹਾਂ ਬਾਰੇ ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਹੈ, ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਅਖਤਿਆਰ ਵਧ ਜਾਣਗੇ, ਘਟਣਗੇ ਨਹੀਂ । ਪਹਿਲੇ ਤਾਂ ਉਹ ਸਿਰਫ ਪੰਚਾਇਤਾਂ ਦੀ ਹੀ ਪੜਤਾਲ ਕਰਦੇ ਸਨ ਹੁਣ ਉਹ development ਦੇ ਕੰਮਾਂ ਦੀ ਪੜਤਾਲ ਵੀ ਕਰਨਗੇ । ਜਿਹੜੇ ਦੋ ਜਾਂ ਤਿੰਨ ਹਰਿਆਣੇ ਪ੍ਰਾਂਤ ਦੇ ਪੰਚਾਇਤ ਦੇ ਮਹਿਕਮੇ ਵਿਚ ਅਫਸਰ ਲਗੇ ਹੋਏ ਹਨ ਉਨ੍ਹਾਂ ਦੇ ਅਖਤਿਆਰਾਤ ਅਤੇ ਰੁਤਬਾ ਘਟ ਨਹੀਂ ਕੀਤਾ ਜਾ ਰਿਹਾ ਬਲਕਿ ਵਧਾਇਆ ਗਿਆ ਹੈ ਜਿਸ ਬਾਰੇ ਰਾਠੀ ਸਾਹਿਬ ਨੇ ਸ਼ਕ ਜ਼ਾਹਰ ਕੀਤਾ ਹੈ ।

ਫਿਰ ਰਾਠੀ ਸਾਹਿਬ ਨੇ ਇਹ ਸ਼ਕ ਜ਼ਾਹਰ ਕੀਤਾ ਹੈ ਕਿ ਜਿਸ ਤਰ੍ਹਾਂ District Boards ਤੋੜ ਦਿਤੇ ਗਏ ਹਨ ਉਸੇ ਤਰ੍ਹਾਂ ਪੰਚਾਇਤਾਂ ਵੀ ਚਲੀਆਂ ਜਾਣਗੀਆਂ । ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਤਹਿਸੀਲ ਪੰਚਾਇਤ ਯੂਨੀਅਨਜ਼ ਬਾਰੇ ਅਸਾਂ ਐਕਟ ਵਿਚ ਤਾਂ provide ਕੀਤਾ ਹੈ ਪਰ ਉਹ ਬਣਾਈਆਂ ਨਹੀਂ ਗਈਆਂ । ਉਨ੍ਹਾਂ ਦੀ ਥਾਂ ਅਸੀਂ ਬਲਾਕ ਸਮਤੀਆਂ ਬਣਾ ਰਹੇ ਹਾਂ ਜਿਨ੍ਹਾਂ ਬਾਰੇ ਇਕ ਪੰਚਾਇਤ ਐਕਟ ਇਸ ਅਸੈਂਬਲੀ ਦੇ ਅਗਲੇ ਸੈਸ਼ਨ ਵਿਚੋਂ ਲਿਆਂਦਾ ਜਾਵੇਗਾ । ਮੈਂ ਇਥੇ ਇਹ ਵੀ ਦਸ ਦੇਵਾਂ ਕਿ ਇਕ ਚੰਗਾ ਅਫਸਰ ਇਨ੍ਹਾਂ ਖਾਮੀਆਂ ਨੂੰ ਦੂਰ ਕਰਨ ਲਈ ਮੁਕਰੱਰ ਕਰ ਦਿਤਾ ਗਿਆ ਹੋਇਆ ਹੈ । ਹੁਣ ਹਰ ਬਲਾਕ ਵਿਚ ਇਕ ਬਲਾਕ ਸਮਤੀ ਬਣੇਗੀ ਅਤੇ ਇਹ ਸਮਤੀ ਉਸ ਬਲਾਕ ਦੀਆਂ ਸਾਰੀਆਂ ਪੰਚਾਇਤਾਂ ਦਾ programme ਬਣਾਇਆ ਕਰੇਗੀ ਅਤੇ ਉਨ੍ਹਾਂ ਦੇ ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਦੀ ਨਿਗਰਾਨੀ ਕਰਿਆ ਕਰੇਗੀ । ਇਸੇ ਤਰ੍ਹਾਂ ਇਕ District Council ਬਣੇਗੀ ਜਿਹੜੀ

District Board ਦੀ ਥਾਂ ਤੇ ਬਣਾਏ ਜਾਣ ਦੀ ਤਜਵੀਜ਼ ਹੈ । ਇਸ ਲਈ ਰਾਠੀ ਸਾਹਿਬ ਨੂੰ ਜੋ ਪੰਚਾਇਤਾਂ ਬਾਰੇ ਸ਼ਕ ਪੈਂਦਾ ਹੈ ਉਹ ਉਨ੍ਹਾਂ ਨੂੰ ਆਪਣੇ ਦਿਲ ਵਿਚੋਂ ਦੂਰ ਕਰਨਾ ਚਾਹੀਦਾ ਹੈ ।

ਇਸ ਤੋਂ ਅਲਾਵਾ ਰਾਠੀ ਸਾਹਿਬ ਨੇ ਇਕ ਹੋਰ ਗੱਲ ਕਹੀ ਸੀ ਕਿ ਪੰਚਾਇਤਾਂ ਦੇ ਅਧਿਕਾਰ ਹੁਣ ਖੋਹ ਲਏ ਜਾਣਗੇ । ਮੈਂ ਕਹਿੰਦਾ ਹਾਂ ਕਿ ਉਹ ਡਰਨ ਨਹੀਂ। ਅਸੀਂ ਉਨ੍ਹਾਂ ਨੂੰ ਜ਼ਿਆਦਾ ਅਧਿਕਾਰ ਦੇ ਰਹੇ ਹਾਂ । ਇਹ ਸ਼ਕ ਉਹ ਆਪਣੇ ਦਿਲ ਵਿਚੋਂ ਬਿਲਕੁਲ ਦੂਰ ਕਰ ਦੇਣ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਪਿੰਡਾਂ ਨਾਲ ਇਤਨਾ ਪਿਆਰ ਨਹੀਂ ਜਿਤਨਾ ਕਿ ਸਾਡੀ ਸਰਕਾਰ ਨੂੰ ਹੈ । ਸਾਡੀ ਸਰਕਾਰ ਤਾਂ ਇਸੇ ਚੀਜ਼ ਤੇ ਜੀਉਂਦੀ ਹੈ ਪਰ ਇਹ ਤਾਂ ਸ਼ਹਿਰ ਵਿਚ ਵਸਦੇ ਹਨ ।

ਫਿਰ ਇਕ socialist ਪਾਰਟੀ ਦੇ ਦੋਸਤ ਨੇ ਕਿਹਾ ਹੈ ਕਿ ਅਸੀਂ ਪੰਚਾਇਤ ਰਾਜ ਦੀ ਥਾਂ ਪਾਰਟੀ ਰਾਜ ਬਣਾ ਲਵਾਂਗੇ । ਮੈਂ ਉਨ੍ਹਾਂ ਅਗੇ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੀ ਕਾਂਗਰਸ ਪਾਰਟੀ ਨੇ ਇਹ ਫ਼ੈਸਲਾ ਕੀਤਾ ਹੈ ਕਿ ਅਸੀਂ ਸਤੰਬਰ ਦੇ ਮਹੀਨੇ ਵਿਚ ਪੰਚਾਇਤਾਂ ਦੀ elections ਕਰਾਵਾਂਗੇ ਪਰ ਕਿਧਰੇ ਵੀ ਪੰਚਾਇਤ ਦੀ elections ਪਾਰਟੀ ਦੇ ਨਾਂ ਤੇ ਨਹੀਂ ਲੜਾਂਗੇ । ਇਸ ਬਾਰੇ ਸਾਡੀ ਕਾਂਗਰਸ ਪਾਰਟੀ ਨੇ ਸਭ ਤੋਂ ਪਹਿਲਾਂ ਇਹ ਐਲਾਨ ਕੀਤਾ ਹੈ ਅਤੇ ਕਿਸੇ ਹੋਰ ਪਾਰਟੀ ਨੇ ਇਸ ਬਾਰੇ ਇਹ ਐਲਾਨ ਨਹੀਂ ਕੀਤਾ । ਅਸੀਂ ਇਹ ਫ਼ੈਸਲਾ ਕੀਤਾ ਹੈ ਕਿ ਅਸੀਂ ਕਾਂਗਰਸ ticket ਤੇ ਪੰਚਾਇਤਾਂ ਦੀ election ਨਹੀਂ ਲੜਾਂਗੇ । ਇਨ੍ਹਾਂ ਇਲੈਕਸ਼ਨਾਂ ਵਿਚ ਗੌਰਮਿੰਟ ਕਿਸੇ ਕਿਸਮ ਦੀ ਮਦਾਖਲਤ ਨਹੀਂ ਕਰੇਗੀ । ਜਿਹੜਾ ਤੁਹਾਡਾ ਇਹ ਖਿਆਲ ਹੈ ਕਿ ਅਸਾਂ ਪੰਚਾਇਤ ਰਾਜ ਨੂੰ ਪਾਰਟੀ ਰਾਜ ਬਣਾਉਣਾ ਚਾਹੁੰਦੇ ਹਾਂ ਇਸ ਬਾਰੇ ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸ ਤਰ੍ਹਾਂ ਤੁਸੀਂ ਇਹ ਗੱਲ ਕਹਿੰਦੇ ਹੋ ਜਦ ਕਿ ਸਾਡੀ ਪਾਰਟੀ ਤਾਂ ਪੰਚਾਇਤਾਂ ਦੀ elections ਹੀ ਨਹੀਂ ਲੜ ਰਹੀ । ਤੁਹਾਡਾ ਇਹ ਖਿਆਲ ਬਿਲਕੁਲ ਗਲਤ ਹੈ । ਜਿਹੜੀ ਗੱਲ ਕਹਿਣੀ ਹੋਵੇ ਉਹ ਸੋਚ ਸਮਝ ਕੇ ਕਹਿਣੀ ਚਾਹੀਦੀ ਹੈ । ਅਸੀਂ ਪੰਚਾਇਤਾਂ ਵਿਚ ਕਿਸੀ ਪਾਰਟੀ ਦੀ ਮੁਦਾਖਲਤ ਨਹੀਂ ਚਾਹੁੰਦੇ । ਅਸੀਂ ਪਿੰਡਾਂ ਵਿਚ ਕਿਸੇ ਪਾਰਟੀ ਨੂੰ ਲਿਆਕੇ ਪਿੰਡਾਂ ਦਾ ਸਤਿਆਨਾਸ ਨਹੀਂ ਕਰਨਾ ਚਾਹੁੰਦੇ । ਅਸੀਂ ਤਾਂ ਪਿੰਡਾਂ ਦੀ develop-ment ਚਾਹੁੰਦੇ ਹਾਂ, ਤਬਾਹੀ ਨਹੀਂ ਚਾਹੁੰਦੇ । ਅਸੀਂ ਪਿੰਡਾਂ ਵਿਚ ਰਾਮ ਰਾਜ ਲਿਆਉਣਾ ਚਾਹੁੰਦੇ ਹਾਂ ਪਰ ਤੁਸੀਂ ਭਾਵੇਂ ਇਹ ਚੀਜ਼ ਦਿਲ ਵਿਚ ਮਹਿਸੂਸ ਕਰਦੇ ਵੀ ਹੋਵੇ ਪਰ ਫਿਰ ਵੀ ਤੁਸੀਂ ਇਹ ਗੱਲ ਨਹੀਂ ਕਹਿਣੀ ਕਿਉਂਕਿ ਤੁਸੀਂ ਮੁਖਾਲਫ਼ ਧੜੇ ਵਿਚ ਬੈਠੇ ਹੋਏ ਹੋ । ਇਸ ਲਈ ਰਾਠੀ ਸਾਹਿਬ ਨੇ ਕੋਈ ਨਾ ਕੋਈ ਗੱਲ ਤਾਂ ਕਰਨੀ ਹੀ ਹੋਈ ।

ਫਿਰ ਮੇਰੇ ਭਾਈ ਪੰਡਤ ਰਾਮ ਕਿਸ਼ਨ ਭੜੋਲੀਆਂ ਨੇ ਕਿਹਾ ਹੈ ਕਿ ਜਿਸ ਵੇਲੇ ਪਿੰਡਾਂ ਦੇ ਲੋਕੀ ਵਾਢੀਆਂ ਵਿਚ ਲਗੇ ਹੋਏ ਹੋਣਗੇ ਤਾਂ B. D. O. ਆਕੇ ਪੰਚਾਇਤ ਦੀ meeting call ਕਰੇਗਾ ਤੇ ਇਸ ਤਰ੍ਹਾਂ ਕਿਸਾਨਾਂ ਦਾ ਨੁਕਸਾਨ ਹੋਏਗਾ । ਇਹ ਗੱਲ ਭੜੋਲੀਆਂ ਸਾਹਿਬ ਨੇ ਕਹੀ ਹੈ ਜਿਹੜੇ ਕਿ ਬੜੇ ਸਿਆਣੇ, ਤਜਰਬਾਕਾਰ ਅਤੇ ਸੁਲਝੇ ਹੋਏ ਆਦਮੀ ਹਨ । ਜੇ ਕਰ ਉਹ ਇਤਨੇ ਸੁਲਝੇ ਹੋਏ ਹੋ ਕੇ ਵੀ ਇਸ ਤਰਾਂ ਦੀ ਗਲ ਕਰਨ ਤਾਂ ਇਹ ਬੜੀ ਹੈਰਾਨੀ ਦੀ ਗੱਲ ਹੈ । ਮੈਂ ਉਨਾਂ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਭਾਵੇਂ ਕੋਈ ਪੰਚਾਇਤ ਅਫ਼ਸਰ ਹੋਵੇ

[ਸਿਹਤ ਮੰਤਰੀ]

ਭਾਵੇਂ ਕੋਈ B.D.O. ਹੋਵੇ ਉਨ੍ਹਾਂ ਸਭ ਨੂੰ ਪਤਾ ਹੈ ਕਿ ਕਿਹੜੇ ਮੌਕੇ ਤੇ ਵਾਢੀਆਂ ਪੈਂਦੀਆਂ ਹਨ । ਜੋ ਬਲਾਕਾਂ ਦੇ ਅਫਸਰ ਹਨ ਉਨ੍ਹਾਂ ਨੂੰ ਅਸੀਂ ਪੰਚਾਇਤਾਂ ਦੇ ਨਾਲ ਮਿਲਾਉਣਾ ਚਾਹੁੰਦੇ ਹਾਂ ਤਾਕਿ ਪੰਚਾਇਤਾਂ ਚੰਗੀ ਤਰਾਂ development ਕਰ ਸਕਣ ।

ਮੈਂ ਕਹਿੰਦਾ ਹਾਂ ਕਿ ਪੰਚਾਇਤਾਂ ਨੂੰ ਅਧਿਕਾਰ ਦਿਤੇ ਹਨ, development ਦੇ ਕੰਮ ਵਿਚ ਉਨ੍ਹਾਂ ਨੂੰ ਅਧਿਕਾਰ ਦਿਤੇ ਹਨ । ਪੰਚਾਇਤਾਂ ਦਾ ਮਹਿਕਮਾ ਹੀ ਰਹੇਗਾ, ਉਹੀ ਇਹ ਕੰਮ ਕਰੇਗਾ । ਉਸ ਦਾ ਨਾਮ ਵੀ ਉਸੇ ਤਰ੍ਹਾਂ ਉਚਾ ਹੀ ਰਹੇਗਾ, ਪੰਚਾਇਤਾਂ ਦੀ ਮਾਰਫਤ ਪਿੰਡਾਂ ਦੇ ਲੋਕਾਂ ਦੀ development ਪਹਿਲੇ ਹੀ ਤਰੀਕੇ ਨਾਲ ਹੁੰਦੀ ਰਹੇਗੀ । ਸੋ ਆਪ ਦੇ ਦਿਲ ਵਿਚ ਜੋ ਸ਼ਕ ਹੈ ਕਿ ਪੰਚਾਇਤ department ਨੂੰ ਖਤਮ ਕੀਤਾ ਜਾ ਰਿਹਾ ਹੈ ਇਹ ਗਲਤ ਹੈ ਅਤੇ ਇਸ ਨੂੰ ਦਿਲ ਵਿਚੋਂ ਕਢ ਦਿਉ ।

ਇਕ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦ ਸਾਰੇ ਪੰਜਾਬ ਨੂੰ Blocks ਹੇਠ ਲੈ ਆਵਾਂਗੇ ਤਾਂ ਇਥੇ 228 Blocks ਹੋਣਗੇ ਅਤੇ 228 ਹੀ ਪੰਚਾਇਤ ਅਫਸਰ ਹੋਣਗੇ ਅਤੇ ਉਸੇ ਤਰ੍ਹਾਂ ਆਪਣਾ ਕੰਮ ਕਰਦੇ ਰਹਿਣਗੇ ।

ਫਿਰ ਭੜੋਲੀਆਂ ਸਾਹਿਬ ਨੇ ਕਿਹਾ ਕਿ ਇਹ ਪੰਚਾਇਤਾਂ ਦਾ ਕੰਮ ਅਫਸਰਾਂ ਦੇ ਸਪੁਰਦ ਕਰ ਦੇਣਗੇ ਅਤੇ ਇਸ ਮਹਿਕਮੇ ਨੂੰ ਅਫਸਰਾਂ ਦਾ ਮਹਿਕਮਾ ਬਣਾਉਣਾ ਚਾਹੁੰਦੇ ਹਨ । ਇਹ ਵੀ ਖਿਆਲ ਗਲਤ ਹੈ । ਪੰਚਾਇਤਾਂ ਲੋਕਾਂ ਦੀਆਂ elected bodies ਹਨ, ਇਨ੍ਹਾਂ ਨੂੰ ਸਰਕਾਰੀ ਮਹਿਕਮਾ ਨਹੀਂ ਬਣਾਇਆ ਜਾਵੇਗਾ । ਹਾਂ, ਉਨ੍ਹਾਂ ਦੀ guidance ਲਈ, ਮਦਦ ਲਈ, Plans ਦੇ programmes ਨੂੰ ਕਾਮਯਾਬ ਕਰਾਉਣ ਵਿਚ ਚੰਗੀਆਂ ਗਲਾਂ ਦਸਣ ਲਈ, ਅਫਸਰ ਉਨ੍ਹਾਂ ਨੂੰ ਦੇਵਾਂਗੇ ।

ਇਕ ਦੋਸਤ ਨੇ ਕਿਹਾ ਕਿ ਪੰਚਾਇਤਾਂ ਵਿਚ ਹਰੀਜਨਾਂ ਨਾਲ ਇਨਸਾਫ ਨਹੀਂ ਹੁੰਦਾ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕਰੀਬਨ 70,000 ਪੰਚ ਹਨ । ਜਿਨ੍ਹਾਂ ਵਿਚੋਂ 10,000 ਪੰਚ ਹਰੀਜਨ ਹਨ ਅਤੇ 430 ਸਰਪੰਚ ਭੀ ਹਨ । ਬਾਕੀ ਪਾਰਟੀਬਾਜ਼ੀ ਤਾਂ ਹਰ ਥਾਂ ਹੁੰਦੀ ਹੈ ਅਤੇ ਉਸ ਕਰਕੇ ਕਦੇ ਹਰੀਜਨਾਂ ਨੂੰ ਤਕਲੀਫ ਹੁੰਦੀ ਹੋਵੇਗੀ ਤੇ ਕਦੇ ਦੂਜਿਆਂ ਨੂੰ । ਇਸੇ ਕਰਕੇ S. E. O. ਅਤੇ Block Development Officers ਦੇ ਦਾਇਰੇ ਛੋਟੇ ਛੋਟੇ ਰਖੇ ਹਨ ਤਾਂ ਜੋ ਆਪਣੀਆਂ ਪੰਚਾਇਤਾਂ ਦੀ ਨਿਗਰਾਨੀ ਚੰਗੀ ਤਰ੍ਹਾਂ ਕਰ ਸਕਣ ਅਤੇ ਚੰਗੀ guidance ਦੇ ਸਕਣ ।

ਅਸੀਂ ਪਿੰਡਾਂ ਦਾ ਸੁਧਾਰ ਕਰਨਾ ਚਾਹੁੰਦੇ ਹਾਂ । Co-operative, Agriculture ਆਦਿ ਇਹ ਦੋ ਮਹਿਕਮੇ Co-operation ਅਤੇ Agriculture technical ਮਹਿਕਮੇ ਹਨ । ਅਸੀਂ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਮਹਿਕਮਿਆਂ ਨੂੰ ਵੀ ਕਿਸੇ ਤਰ੍ਹਾਂ ਉਨ੍ਹਾਂ ਦੇ ਨਾਲ co-ordination ਕਰਾਕੇ, ਪਿੰਡਾਂ ਦੇ ਸੁਧਾਰ ਵਿਚ ਲਾ ਸਕੀਏ । ਕਈਆਂ ਨੂੰ ਇਹ ਸ਼ਕ ਹੈ ਕਿ Block ਵਾਲੇ ਕੰਮ ਨਹੀਂ ਕਰਦੇ । ਮੈਂ ਇਹ ਗਲ ਨਹੀਂ ਮੰਨਦਾ । B. D. Os. ਅਤੇ S. E. Os. ਆਪਣਾ ਕੰਮ ਕਰਦੇ ਹਨ ਪਰ ਅਸੀਂ ਜੋ steps ਲੈ ਰਹੇ ਹਾਂ ਇਹ ਇਸ ਕਰਕੇ ਹੈ ਕਿ ਇਨ੍ਹਾਂ ਤੋਂ ਹੋਰ ਜ਼ਿਆਦਾ ਕੰਮ ਲੈ ਸਕੀਏ, ਅਤੇ ਇਹ ਜ਼ਿਆਦਾ effectively ਪਿੰਡਾਂ ਵਿਚ ਪ੍ਰਚਾਰ ਕਰ ਸਕਣ ਅਤੇ ਉਨ੍ਹਾਂ ਦੇ ਕੰਮ ਦਾ record ਹੋਵੇ । ਪੰਚਾਇਤ ਅਫਸਰ ਜਿਸ ਵੇਲੇ ਪਿੰਡ ਵਿਚ ਜਾਂਦਾ ਹੈ ਤਾਂ ਉਥੇ resolution

ਪਾਸ ਕਰਾਉਂਦਾ ਹੈ ਅਤੇ note ਕਰਦਾ ਹੈ । ਇਸ ਤਰ੍ਹਾਂ ਪਤਾ ਚਲਦਾ ਹੈ ਕਿ ਉਸ ਨੇ ਕੀ ਕੰਮ ਕੀਤਾ ਹੈ ਪਰ Blocks ਦੇ ਜੋ ਅਫ਼ਸਰ ਹੁੰਦੇ ਹਨ ਉਨ੍ਹਾਂ ਦੇ ਕੰਮ ਦਾ ਕੋਈ record ਨਹੀਂ ਹੁੰਦਾ । ਇਹ ਇਕ ਕਮੀ ਸੀ ਅਤੇ ਇਸ ਨੂੰ ਦੂਰ ਕਰ ਰਹੇ ਹਾਂ । ਹੁਣ ਕੰਮ ਤੇਜ਼ੀ ਨਾਲ ਵੀ ਹੋਵੇਗਾ ਅਤੇ ਸਰਕਾਰ ਨੂੰ ਬਚਤ ਵੀ ਹੋਵੇਗੀ । ਫਿਰ ਜਿਥੇ ਇਕ ਹੀ ਕੰਮ ਤੇ ਦੋ ਦੋ ਅਫ਼ਸਰ ਲਗੇ ਹੋਏ ਸਨ ਹੁਣ ਇਸ ਤਰ੍ਹਾਂ ਨਹੀਂ ਹੋਵੇਗਾ ਅਤੇ ਉਹ ਆਪਣੇ ਆਪਣੇ ਪਿੰਡਾਂ ਵਿਚ ਕੰਮ ਕਰਨਗੇ । ਇਸ ਵਿਚ ਕਿਸੇ ਨੂੰ ਸ਼ਕ ਨਹੀਂ ਹੋਣੀ ਚਾਹੀਦੀ ਕਿ ਪੰਚਾਇਤਾਂ ਨੇ ਬੜਾ ਕੰਮ ਕੀਤਾ ਹੈ । ਮੇਰੇ ਪਾਸ ਫਹਿਰਿਸਤ ਮੌਜੂਦ ਹੈ । ਪੰਚਾਇਤਾਂ ਨੇ 4,70,000 ਏਕੜ ਜ਼ਮੀਨ ਸ਼ਾਮਲਾਤ ਦੀ lease ਕੀਤੀ ਹੈ ਅਤੇ ਇਸ ਨਾਲ ਸਾਰੇ ਪੰਜਾਬ ਵਿਚ ਪੰਚਾਇਤਾਂ ਨੂੰ 2 ਕਰੋੜ ਰੁਪਏ ਦੀ ਆਮਦਨ ਹੋਈ ਹੈ । ਇਸ ਤੋਂ ਇਲਾਵਾ ਬਹੁਤ ਸਾਰਾ ਰੁਪਿਆ ਇਸ ਗਲ ਲਈ reserve ਹੈ ਕਿ ਪੰਚਾਇਤਾਂ ਨੂੰ ਬਗੈਰ ਸੂਦ ਦੇ loan ਦਿਤਾ ਜਾਏ ਤਾਂ ਜੋ ਉਹ ਆਪਣੇ ਪਿੰਡਾਂ ਵਿਚ ਕਾਸ਼ਤਕਾਰੀ ਅਤੇ ਦਸਤਕਾਰੀ ਨੂੰ ਤਰੱਕੀ ਦੇ ਸਕਣ । ਜੋ ਪੰਚਾਇਤਾਂ ਆਪਣੇ ਪਿੰਡਾਂ ਦੇ ਲੋਕਾਂ ਦੀ ਆਮਦਨ ਵਧਾਉਣ ਦੇ ਕੰਮ ਕਰਨਗੀਆਂ ਉਨ੍ਹਾਂ ਦੇ loans ਨੂੰ ਅਸੀਂ subsidy ਵਿਚ ਤਬਦੀਲ ਕਰ ਦਿਆਂਗੇ । ਪਿੰਡਾਂ ਵਿਚ ਲੋਕਾਂ ਦੀ ਆਮਦਨ ਵਧਾਉਣ ਲਈ ਬੜਾ ਕੰਮ ਹੈ ਜੋ ਪੰਚਾਇਤਾਂ ਦੇ ਜ਼ਿੰਮੇ ਹੈ । Surplus land, landless ਲੋਕਾਂ ਦੀਆਂ Co-operative societies ਨੂੰ ਦੇ ਕੇ ਉਨ੍ਹਾਂ ਨੂੰ ਫਾਇਦਾ ਪਹੁੰਚਾਉਣ ਦਾ ਕੰਮ ਵੀ ਪੰਚਾਇਤਾਂ ਜ਼ਿੰਮੇ ਹੈ । Deputy Speaker ਸਾਹਿਬ, ਪਿੰਡਾਂ ਵਿਚ ਖੰਡ ਵੰਡਣ ਦਾ ਕੰਮ ਵੀ ਪੰਚਾਇਤਾਂ ਨੇ Co-operative Societies ਰਾਹੀਂ ਕਰਨਾ ਹੈ । ਹੋਰ ਵੀ ਬਹੁਤ ਸਾਰੇ ਪਿੰਡਾਂ ਦੀ ਬਹਿਬੂਦੀ ਦੇ ਕੰਮ ਪੰਚਾਇਤਾਂ ਨੇ ਕਰਨੇ ਹਨ । ਜੇ ਇਨਾਂ ਕੁਝ ਪੰਚਾਇਤਾਂ ਨੇ ਕਰਨਾ ਹੈ ਤਾਂ ਇਸ ਕੰਮ ਦੀ ਪੜਤਾਲ ਲਈ ਅਮਲਾ ਵੀ ਹੋਣਾ ਚਾਹੀਦਾ ਹੈ । ਇਹ ਅਮਲਾ ਹਾਸਲ ਕਰਨ ਦਾ ਇਕ ਹੀ ਤਰੀਕਾ ਹੈ ਕਿ ਅਸੀਂ ਪੰਚਾਇਤ ਅਤੇ development ਨੂੰ ਇਕਠਾ ਕਰ ਲਈਏ । ਇਸ ਨਾਲ ਪੰਚਾਇਤ ਦੀ ਤਾਕਤ ਵਧੇਗੀ, ਉਸ ਦਾ ਕੰਮ ਵਧੇਗਾ । ਪੰਚਾਇਤ ਅਫ਼ਸਰ ਜ਼ਿਆਦਾ ਹੋ ਜਾਣਗੇ ਅਤੇ ਪਹਿਲਾਂ ਜਿਥੇ ਇਹ ਅਫ਼ਸਰ ਦੋ ਸਾਲ ਵਿਚ ਇਕ ਵਾਰ ਨਹੀਂ ਜਾ ਸਕਦੇ ਸੀ ਉਥੇ ਹੁਣ ਇਹ ਇਕ ਇਕ ਪੰਚਾਇਤ ਵਿਚ ਦੋ ਦੋ ਤਿੰਨ ਤਿੰਨ ਦਫਾ ਜਾ ਸਕਿਆ ਕਰਨਗੇ । ਪਹਿਲਾਂ ਪੰਚਾਇਤਾਂ ਦਾ ਕੰਮ ਚੰਗੀ ਤਰ੍ਹਾਂ ਨਹੀਂ ਦੇਖਿਆ ਜਾ ਸਕਦਾ ਸੀ, ਹੁਣ B. D. O. ਜਿਸ ਨੂੰ ਪੰਚਾਇਤ ਅਫ਼ਸਰ ਵੀ ਕਹਾਂਗੇ ਚੰਗੀ ਤਰ੍ਹਾਂ ਸਾਰਾ ਕੰਮ ਦੇਖ ਸਕਿਆ ਕਰੇਗਾ ਅਤੇ ਚੰਗੀ guidance ਦੇ ਸਕੇਗਾ । ਇਸ ਤੋਂ ਇਲਾਵਾ 40 ਲਖ ਰੁਪਿਆ ਪੰਚਾਇਤਾਂ ਤੋਂ ਵਸੂਲ ਕਰਨ ਵਾਲਾ ਹੈ । ਹੁਣ ਵਸੂਲੀਆਂ ਚੰਗੀ ਤਰ੍ਹਾਂ ਹੋ ਸਕਿਆ ਕਰਨਗੀਆਂ । ਜੇਕਰ ਅਸੀਂ ਇਸ programme ਵਿਚ ਕਾਮਯਾਬ ਹੋ ਗਏ ਤਾਂ ਅਜ ਜਿਤਨੇ Village Level Workers ਹਨ ਉਹੀ Secretaries ਦਾ ਕੰਮ ਵੀ ਕਰਨਗੇ । ਉਹੀ resolutions ਵਗੈਰਾ ਲਿਖਿਆ ਕਰਨਗੇ ਅਤੇ ਹੋਰ ਸਲਾਹ ਮਸਵਰਾ ਦਿਆ ਕਰਨਗੇ । ਚੂੰਕਿ Village Level Worker ਨੇ ਪਿੰਡ ਵਿਚ ਹੀ ਰਹਿਣਾ ਹੁੰਦਾ ਹੈ ਅਤੇ ਖਾਦ, ਫਸਲਾਂ ਦੇ routine ਆਦਿ ਸਾਰੇ ਕੰਮ-ਕਾਰਾਂ ਬਾਰੇ ਲੋਕਾਂ ਨੂੰ ਸਲਾਹ ਦੇਣੀ ਹੁੰਦੀ ਹੈ ਤਾਂ ਕੋਈ ਵਡੀ ਗਲ ਨਹੀਂ ਕਿ ਅਸੀਂ ਉਸ ਨੂੰ ਪੰਚਾਇਤ ਦੇ Secretary ਦੀ duty ਵੀ ਦੇ ਦਈਏ । ਜੇਕਰ ਅਸੀਂ ਇਸ ਚੀਜ਼ ਵਿਚ ਕਾਮਯਾਬ ਹੋ

[ਸਿਹਤ ਮੰਤਰੀ]

ਗਏ ਤਾਂ ਪੰਚਾਇਤਾਂ ਦਾ ਜੋ 9 ਲਖ ਰੁਪਿਆ Secretaries ਨੂੰ ਦਿਤਾ ਜਾਂਦਾ ਹੈ ਉਹ ਬਚ ਜਾਵੇਗਾ ਅਤੇ ਜੋ ਇਹ ਕਹਿੰਦੇ ਹਨ ਕਿ Secretaries ਸਰਕਾਰੀ paid ਹੋਣੇ ਚਾਹੀਦੇ ਹਨ ਉਨ੍ਹਾਂ ਦੀ ਇਹ ਸ਼ਿਕਾਇਤ ਵੀ ਦੂਰ ਹੋ ਜਾਵੇਗੀ ।

(*At this stage Mr. Speaker occupied the Chair.*)

11.00 a. m.

ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਚਾਇਤਾਂ ਅਤੇ development ਦੇ ਮਹਿਕਮਿਆਂ ਦੇ ਇਕਠਾ ਕਰਨ ਨਾਲ ਸਹੂਲਤਾਂ ਵਧ ਜਾਣਗੀਆਂ ਅਤੇ ਪਿੰਡਾਂ ਨੂੰ ਲਾਭ ਹੋਵੇਗਾ । ਮੈਂ, ਸਪੀਕਰ ਸਾਹਿਬ, ਆਪ ਦੀ ਰਾਹੀਂ ਰਾਠੀ ਸਾਹਿਬ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਪੰਚਾਇਤਾਂ ਨੂੰ ਪਹਿਲਾਂ ਹੀ ਇਖਤਿਆਰ ਬਹੁਤ ਜ਼ਿਆਦਾ ਦਿਤੇ ਗਏ ਹਨ ਅਤੇ ਉਨ੍ਹਾਂ ਦਾ ਕੰਮ ਕਾਫੀ ਵਧ ਗਿਆ ਹੈ । ਇਸ ਦੇ ਨਾਲ ਹੀ ਨਾਲ ਪੰਚਾਇਤਾਂ ਦੀ ਅਹਮੀਅਤ ਜ਼ਿਆਦਾ ਵਧ ਗਈ ਹੈ ਇਸ ਲਈ ਉਨ੍ਹਾਂ ਨੂੰ ਖਰਚ ਵਜੋਂ ਜੋ ਮੁਸ਼ਕਿਲਾਂ ਆ ਰਹੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਲਈ ਇਨ੍ਹਾਂ ਦੋਹਾਂ ਮਹਿਕਮਿਆਂ ਨੂੰ ਇੱਕਠਾ ਕੀਤਾ ਜਾ ਰਿਹਾ ਹੈ । ਇਸ ਤਰ੍ਹਾਂ ਨਾਲ ਉਨ੍ਹਾਂ ਦੀਆਂ ਮਾਲੀ ਲੋੜਾਂ ਵਿਚ ਕੋਈ ਕਠਨਾਈ ਨਹੀਂ ਪੇਸ਼ ਆਵੇਗੀ । ਫਿਰ ਇਹ ਕਿਹਾ ਗਿਆ ਹੈ ਕਿ ਸਰਪੰਚ ਜਾਂ ਪੰਚਾਇਤਾਂ ਦੇ ਮੈਂਬਰ corruption ਕਰਦੇ ਹਨ ਅਤੇ ਕਈ ਥਾਈਂ ਅਣਪੜ੍ਹ ਲੋਕ ਪੰਚਾਇਤਾਂ ਦੇ ਮੈਂਬਰ ਹਨ ਇਸ ਲਈ ਉਨ੍ਹਾਂ ਨੂੰ exploit ਕੀਤਾ ਜਾਵੇਗਾ । ਪਰ ਮੈਂ ਇਹ ਕਹਾਂਗਾ ਕਿ ਇਸ ਤਰ੍ਹਾਂ ਨਾਲ ਇਕ ਤਾਂ staff ਦੋਹਾਂ ਲਈ ਕਾਫੀ ਹੋਵੇਗਾ ਅਤੇ ਪੜਤਾਲ ਵੀ ਜ਼ਿਆਦਾ ਚੰਗੀ ਤਰ੍ਹਾਂ ਕੀਤੀ ਜਾ ਸਕੇਗੀ । ਇਸ ਤਰ੍ਹਾਂ ਉਨਾਂ ਵਿਚ ਜੋ ਕਮਜ਼ੋਰੀਆਂ ਹਨ ਉਹ ਦੂਰ ਹੋ ਜਾਣਗੀਆਂ ।

ਇਸੇ ਤਰ੍ਹਾਂ ਸ੍ਰੀ ਰਾਮ ਪਿਆਰਾ ਜੀ ਨੇ ਕਿਹਾ ਕਿ ਇਕ ਪੰਚਾਇਤ ਨੇ ਇਹ resolution ਪਾਸ ਕੀਤਾ ਸੀ ਕਿ ਸਰਪੰਚ ਨੂੰ ਹਟਾ ਦਿਤਾ ਜਾਵੇ । ਇਸ ਗਲ ਨੂੰ ਅਜ ਤਿੰਨ ਮਹੀਨੇ ਹੋ ਗਏ ਹਨ ਪਰ ਸਰਕਾਰ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ । ਇਨ੍ਹਾਂ ਨੇ ਇਸੇ ਸਬੰਧ ਵਿਚ ਇਕ ਅਸੈਂਬਲੀ ਸਵਾਲ ਵੀ ਪੁਛਿਆ ਸੀ । ਇਕ ਤਾਂ ਮੈਂ ਇਹ ਕਹਾਂਗਾ ਕਿ ਜੇਕਰ ਇਸ ਤਰ੍ਹਾਂ ਸਰਪੰਚ ਜਾਂ ਪੰਚਾਂ ਨੂੰ ਹਟਾਇਆ ਜਾਂਦਾ ਰਹੇ ਤਾਂ ਸਟੇਟ ਵਿਚ ਕੰਮ ਬਿਲਕੁਲ ਹੀ ਨਹੀਂ ਚਲ ਸਕਦਾ ਅਤੇ ਕੰਮ stay ਹੋ ਸਕਦਾ ਹੈ । ਦੂਜਾ ਇਹ ਕਿ ਪੰਚਾਇਤ ਨੇ ਜੋ ਮਤਾ ਪਾਸ ਕੀਤਾ ਸੀ ਕਿ ਸਰਪੰਚ ਨੂੰ ਹਟਾ ਦਿਤਾ ਜਾਵੇ ਅਤੇ ਇਹ ਮਤਾ ਪੇਸ਼ ਕਰਨ ਤੋਂ ਬਾਅਦ ਉਸ ਪੰਚਾਇਤ ਵਲੋਂ ਸਰਕਾਰ ਨੂੰ ਇਕ ਦਰਖਾਸਤ ਦਿਤੀ ਗਈ ਹੈ ਕਿ ਉਨਾਂ ਦਾ ਮਨ ਬਦਲ ਗਿਆ ਹੈ ਅਤੇ ਉਹ ਆਪਣਾ ਮਤਾ ਪੇਸ਼ ਨਹੀਂ ਕਰਨਾ ਚਾਹੁੰਦੇ । ਇਸ ਤਰਾਂ ਉਨ੍ਹਾਂ ਨੇ ਆਪਣਾ ਮਤਾ ਹੀ ਵਾਪਸ ਲੈ ਲਿਆ ਹੈ ।

ਅਸੀਂ ਤਾਂ ਹਰ ਤਰੀਕੇ ਨਾਲ ਪੰਚਾਇਤਾਂ ਦੀ ਮਦਦ ਕਰਨਾ ਚਾਹੁੰਦੇ ਹਾਂ ਅਤੇ ਇਸ ਤਰ੍ਹਾਂ ਦੋਹਾਂ ਮਹਿਕਮਿਆਂ ਨੂੰ ਇਕੱਠਾ ਕਰਕੇ ਇਸ ਗਲ ਨੂੰ ਪੂਰਾ ਕਰ ਰਹੇ ਹਾਂ, ਰਾਠੀ ਸਾਹਿਬ ਤੋਂ ਇਸ ਗਲ ਦੀ ਆਸ ਤਾਂ ਕਦੀ ਕੀਤੀ ਨਹੀਂ ਜਾ ਸਕਦੀ ਕਿ ਉਹ ਸਰਕਾਰ ਵਲੋਂ ਉਠਾਏ ਗਏ ਕਿਸੇ ਕਦਮ ਦੀ ਤਾਰੀਫ ਕਰਨ । ਉਨਾਂ ਨੇ ਆਪਣੇ ਸੁਭਾ ਅਨੁਸਾਰ ਹਰ ਇਕ ਕਦਮ ਦੀ ਜੋ ਸਰਕਾਰ ਵਲੋਂ ਸੂਬੇ ਦੀ ਭਲਾਈ ਲਈ ਉਠਾਇਆ ਜਾਵੇ ਵਿਰੋਧਤਾ ਕਰਨੀ ਹੈ । ਮੈਂ ਇਹ ਬੇਨਤੀ ਉਨ੍ਹਾਂ ਪਾਸ ਕਰਾਂਗਾ ਕਿ ਉਹ ਇਸ ਮਤੇ ਨੂੰ ਵਾਪਸ ਲੈ ਲੈਣ । ਚੀਫ

ਮਨਿਸਟਰ ਸਾਹਿਬ ਨੇ ਪਹਿਲਾਂ ਹੀ ਦਸਿਆ ਹੈ ਕਿ ਅਸੀਂ ਦੁਹਾਂ ਮਹਿਕਮਿਆਂ ਨੂੰ ਇਕਠਾ ਕਰ ਰਹੇ ਹਾਂ ਤਾਂ ਜੋ ਸਮੁਚੇ ਪਿੰਡਾਂ ਦੀ ਤੱਰਕੀ ਕੀਤੀ ਜਾ ਸਕੇ । ਰਾਠੀ ਸਾਹਿਬ ਆਪਣੀ ਤਕਰੀਰ ਕਰਕੇ ਚਲੇ ਗਏ ਹਨ । ਜੇਕਰ ਉਹ ਹੁੰਦੇ ਤਾਂ ਮੈਂ ਇਸ ਗਲ ਦੇ ਯਤਨ ਕਰਦਾ ਕਿ ਉਨ੍ਹਾਂ ਦਾ ਸ਼ਕ ਦੂਰ ਹੋ ਜਾਵੇ । ਉਨ੍ਹਾਂ ਇਹ ਕਿਹਾ ਸੀ ਕਿ ਸਰ ਛੋਟੂ ਰਾਮ ਦੇ ਪੰਚਾਇਤਾਂ ਦੇ ਖਾਬ ਨੂੰ ਦੂਰ ਕੀਤਾ ਜਾ ਰਿਹਾ ਹੈ ਪਰ ਮੈਂ ਇਹ ਕਹਾਂਗਾ ਕਿ ਸਰ ਛੋਟੂ ਰਾਮ ਦੇ ਪੰਚਾਇਤ ਰਾਜ ਨੂੰ ਖਤਮ ਨਹੀਂ ਕੀਤਾ ਜਾ ਰਿਹਾ ਅਤੇ ਇਸ ਖਾਬ ਨੂੰ ਦੂਰ ਨਹੀਂ ਕੀਤਾ ਜਾ ਰਿਹਾ ਸਗੋਂ ਪੰਚਾਇਤਾਂ ਨੂੰ ਤਾਕਤਵਰ ਬਣਾਇਆ ਜਾ ਰਿਹਾ ਹੈ । ਇਸ ਤਰ੍ਹਾਂ ਕੰਮ ਚੰਗੀ ਤਰ੍ਹਾਂ ਕੀਤਾ ਜਾ ਸਕੇਗਾ, ਪੰਚਾਇਤਾਂ ਮਜ਼ਬੂਤ ਹੋਣਗੀਆਂ ਅਤੇ ਇਨ੍ਹਾਂ ਪਾਸ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੈਸੇ ਵੀ ਜ਼ਿਆਦਾ ਹੋਣਗੇ । ਅਤੇ ਜਿਥੇ ਪਹਿਲਾਂ ਇਹ ਸ਼ਕ ਕੀਤਾ ਜਾਂਦਾ ਸੀ ਕਿ ਬਲਾਕਾਂ ਵਾਲੇ ਪਿੰਡਾਂ ਵਿਚ ਖਰਚ ਨਹੀਂ ਕਰਦੇ ਇਹ ਦੂਰ ਹੋ ਜਾਵੇਗਾ ਅਤੇ ਪਿੰਡਾ ਵਾਲੇ ਆਪਣੇ ਰੁਪਏ ਨੂੰ ਆਪਣੀ ਮਰਜ਼ੀ ਅਨੁਸਾਰ ਆਪਣੇ ਪਿੰਡਾਂ ਦੀ ਭਲਾਈ ਲਈ ਖਰਚ ਕਰ ਸਕਣਗੇ । ਇਸ ਤਰ੍ਹਾਂ ਬੇਸ਼ੁਮਾਰ ਰੁਪਿਆ ਜੋ ਬਲਾਕ ਵਾਲਿਆਂ ਨੂੰ ਤਰਕੀ ਲਈ ਦਿਤਾ ਜਾਂਦਾ ਹੈ ਪੰਚਾਇਤਾਂ ਦੀ ਸਲਾਹ ਨਾਲ ਖਰਚ ਕੀਤਾ ਜਾਇਆ ਕਰੇਗਾ। ਜੋ ਮਤੇ ਪਾਸ ਕੀਤੇ ਜਾਣਗੇ ਉਨ੍ਹਾਂ ਦਾ record ਰਖਿਆ ਜਾਵੇਗਾ । ਅਤੇ ਰਜਿਸਟਰ ਵਿਚ ਸਾਰੇ resolution ਦਰਜ ਕੀਤੇ ਜਾਣਗੇ । ਇਸ ਤਰ੍ਹਾਂ ਪੰਚਾਇਤਾਂ ਦੀ working ਚੰਗੀ ਹੋ ਜਾਵੇਗੀ । ਸਰਕਾਰ ਹਿੰਦ ਵਲੋਂ ਜੋ ਰੁਪਿਆ ਬਲਾਕਾਂ ਵਿਚ ਖਰਚ ਹੋਣ ਲਈ ਆਉਂਦਾ ਹੈ ਉਹ ਵੀ ਪੰਚਾਇਤਾਂ ਦੀ ਰਾਹੀਂ ਅਤੇ ਉਨਾਂ ਦੀ ਪੂਰੀ ਮਿਲਵਰਤਨ ਨਾਲ ਖਰਚ ਕੀਤਾ ਜਾਵੇਗਾ । ਇਸ ਤਰ੍ਹਾਂ ਪੰਚਾਇਤਾਂ ਦੀ ਸਾਖ ਵਧੇਗੀ ਅਤੇ ਇਨ੍ਹਾਂ ਦੀ ਆਮਦਨੀ ਵੀ ਵਧੇਗੀ । ਅਤੇ ਲੋਕੀ ਇਸ ਗਲ ਤੇ ਮਾਣ ਕਰ ਸਕਣਗੇ ਕਿ ਉਨ੍ਹਾਂ ਦੀਆਂ ਪੰਚਾਇਤਾਂ ਨੂੰ ਕਿਥੋ ਤਕ ਤਾਕਤ ਅਤੇ ਇਖਤਿਆਰ ਦਿਤੇ ਗਏ ਹਨ, ਅਤੇ ਪੰਚਾਇਤਾਂ ਆਪਣਾ ਸਿਰ ਮਾਣ ਨਾਲ ਉਚਾ ਕਰ ਸਕਣਗੀਆਂ । ਸਾਡੇ ਮਹਾਨ ਨੇਤਾ ਮਹਾਤਮਾ ਗਾਂਧੀ ਦਾ ਇਹ ਸੁਪਨਾ ਕਿ ਪੰਚਾਇਤ ਰਾਜ ਕਾਇਮ ਕੀਤਾ ਜਾਵੇ ਅਸੀਂ ਪੂਰਾ ਕਰ ਸਕਾਂਗੇ, ਇਹ ਤਾਂ ਹੀ ਕਰ ਸਕਦੇ ਹਾਂ ਜੇਕਰ ਪੰਚਾਇਤਾਂ ਨੂੰ ਤਾਕਤ ਮਿਲੇ, ਪੈਸਾ ਮਿਲੇ ਅਤੇ ਉਨਾਂ ਦੇ ਕੰਮ ਕਰਨ ਦੇ ਢੰਗ ਬਿਹਤਰ ਹੋਣ । ਇਸ ਲਈ ਸਾਰਿਆਂ ਦੇ ਮਨ ਵਿਚੋਂ ਸ਼ਕ ਦੂਰ ਹੋ ਜਾਣੇ ਚਾਹੀਦੇ ਹਨ ਅਤੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਮੁਨਾਸਿਬ ਫੈਸਲਾ ਹੈ ਕਿ ਦੋਹਾਂ ਮਹਿਕਮਿਆਂ ਨੂੰ merge ਕਰ ਦਿਤਾ ਜਾਵੇ । ਇਸ ਤਰ੍ਹਾਂ ਹੀ ਅਸੀਂ ਪਿੰਡਾਂ ਦਾ ਰੂਪ ਬਦਲ ਸਕਦੇ ਹਾਂ ਅਤੇ ਪ੍ਰਾਂਤ ਦੀ ਤਰਕੀ ਕਰ ਸਕਦੇ ਹਾਂ । ਇਹ ਇਕ ਅਜਿਹਾ ਕਦਮ ਹੈ ਜਿਸ ਦੀ ਸ਼ਲਾਘਾ ਹਰ ਕਿਸੇ ਨੂੰ ਕਰਨੀ ਚਾਹੀਦੀ ਹੈ। ਮੈਂ ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਆਪ ਦੀ ਰਾਹੀਂ ਰਾਠੀ ਸਾਹਿਬ ਪਾਸ ਅਪੀਲ ਕਰਾਂਗਾ ਕਿ ਉਹ ਆਪਣੇ ਇਸ ਮਤੇ ਨੂੰ ਵਾਪਸ ਲੈਣ ।

Shri Harbhagwan Maudgil : Sir, I beg to move—

That the question be now put.

ਸ੍ਰੀ ਸਪੀਕਰ : Non-official business ਦਾ time 11-30 a.m. ਤਕ ਹੈ, ਕੀ ਤੁਸੀਂ ਸਾਰਾ ਹੀ time ਇਸ ਪਰ ਲਗਾਣਾ ਹੈ ਜਾਂ ਇਸ ਵਿਚੋਂ ਕੁਝ time next item ਨਾਲ add ਕਰਨਾ ਚਾਹੁੰਦੇ ਹੋ । (The time for the

[ਸ੍ਰੀ ਸਪੀਕਰ]

the transaction of non-official business has been fixed upto 11-30 a.m. Do the hon. Members want to spend the whole of the time set apart for this purpose or spare some time out of it to be utilised for the next item on the Agenda ?)

ਚੌਧਰੀ ਬਲਬੀਰ ਸਿੰਘ : On a point of order sir. ਇਹ resolution ਰਾਠੀ ਸਾਹਿਬ ਨੇ move ਕੀਤਾ ਹੈ ਇਸ ਲਈ ਆਖਰੀ ਜਵਾਬ ਉਨ੍ਹਾਂ ਵਲੋਂ ਹੀ ਹੋਣਾ ਚਾਹੀਦਾ ਹੈ ।

Mr. Speaker : Was it a reply to the debate from the hon. Minister?

ਸਿਹਤ ਮੰਤਰੀ : ਮੈਂ ਤਾਂ ਸਪੀਕਰ ਸਾਹਿਬ, debate ਵਿਚ ਹਿਸਾ ਲਿਆ ਹੈ ।

Mr. Speaker : The Minister-in-charge always gets up for the final reply. अच्छा आप दो दो मिनट के लिये बोल लें। But this will not be treated as a precedent. (The hon. Members may speak for two minutes each. But this will not be treated as a precedent.)

ਚੌਧਰੀ ਬਲਬੀਰ ਸਿੰਘ : ਮੈਂ ਕੇਵਲ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਵਿਚ ਕੁਝ ਲੋਕਾਂ ਤੇ ਇਲਜ਼ਾਮਾਤ ਲਗਾਏ ਹਨ । ਮੇਰੇ ਤੇ ਵੀ ਉਨ੍ਹਾਂ ਨੇ ਇਲਜ਼ਾਮ ਲਗਾਇਆ ਹੈ ਅਤੇ ਕਿਹਾ ਹੈ ਕਿ ਇਸ ਆਦਮੀ ਦਾ ਕੋਈ ਵਿਸ਼ਵਾਸ ਨਹੀਂ ਜਿਹੜਾ ਪਾਰਟੀਆਂ ਬਦਲਦਾ ਰਹਿੰਦਾ ਹੈ ।

ਸ੍ਰੀ ਸਪੀਕਰ : ਕੀ ਤੁਸੀਂ personal explanation ਤੇ ਬੋਲ ਰਹੇ ਹੋ ? (Is the hon. Member speaking on a point of personal explanation?)

ਚੌਧਰੀ ਬਲਬੀਰ ਸਿੰਘ : ਮੈਂ ਤਾਂ ਸਪੀਕਰ ਸਾਹਿਬ, ਤੁਹਾਡੀ ਰਾਹੀਂ ਹਾਊਸ ਨੂੰ ਇਹ ਦਸਣਾ ਚਾਹੁੰਦਾ ਸਾਂ ਕਿ ਮੈਂ 1934 ਵਿਚ ਇਕ ਪਾਰਟੀ ਵਿਚ ਸ਼ਾਮਲ ਹੋਇਆ ਸਾਂ ਅਤੇ ਹੁਣ ਤਕ ਉਸੇ ਪਾਰਟੀ ਵਿਚ ਹਾਂ । ਚੀਫ਼ ਮਨਿਸਟਰ ਵਾਂਗ ਨਹੀਂ ਜੋ ਖ਼ੁਦ ਪਾਰਟੀਆਂ ਬਦਲਦੇ ਹਨ ।

Mr. Speaker : No such reference, please.

ਚੌਧਰੀ ਬਲਬੀਰ ਸਿੰਘ : ਇਨ੍ਹਾਂ ਕਿਹਾ ਹੈ ਕਿ ਚੋਧਰੀ ਬਲਬੀਰ ਸਿੰਘ ਪਾਰਟੀ ਬਦਲਦਾ ਹੈ ਇਸ ਆਦਮੀ ਦੀ ਕੀ ਗਲ ਹੈ । ਪਰ ਚੀਫ਼ ਮਨਿਸਟਰ ਆਪ ਕੀ ਰਕਦੇ ਹਨ ? ਅਕਾਲੀ ਪਾਰਟੀ ਰਾਹੀਂ ਆਪ ਕਾਂਗਰਸ ਪਾਰਟੀ ਵਿਚ ਆਏ ਹੋਏ ਹਨ । ਛੱਜ ਤਾਂ ਬੋਲੇ ਛਾਨਣੀ ਕੀ ਬੋਲੇ । ਮੇਰੇ ਤੇ ਇਲਜ਼ਾਮ ਲਗਾਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਸੀ ।

Mr. Speaker : No such reference, please. Avoid it.

ਚੌਧਰੀ ਬਲਬੀਰ ਸਿੰਘ : ਚੀਫ ਮਨਿਸਟਰ ਸਾਹਿਬ ਨੇ ਇਹ ਵੀ ਕਿਹਾ ਹੈ ਕਿ ਇਸ ਨਾਲ ਤਾਂ ਬਾਪ ਵੀ ਨਾਰਾਜ਼ ਹੈ ।

Shri Harbhagwan Maudgil : On a point of order Sir.

Mr. Speaker : Please leave it. No such reference, please.

ਚੌਧਰੀ ਬਲਬੀਰ ਸਿੰਘ : ਚੀਫ ਮਨਿਸਟਰ ਸਾਹਿਬ ਨੂੰ ਆਦਤ ਹੈ ਮੇਰੇ ਤੇ ਇਲਜ਼ਾਮ ਲਗਾਣ ਦੀ ।

Mr. Speaker : It is not relevant, please.

ਚੌਧਰੀ ਬਲਬੀਰ ਸਿੰਘ : ਮੈਂ ਤਾਂ ਆਪਣੀ position explain ਕਰਨਾ ਚਾਹੁੰਦਾ ਹਾਂ ।

Mr. Speaker : No question of personal explanation please at this stage.

ਚੌਧਰੀ ਬਲਬੀਰ ਸਿੰਘ : ਮੇਰੀ ਅਰਜ਼ ਇਹ ਹੈ ਕਿ ਆਪਣਾ ਘਰ ਦੇਖ ਕੇ ਕਿਸੇ ਦੂਜੇ ਤੇ ਇਲਜ਼ਾਮ ਲਗਾਣਾ ਚਾਹੀਦਾ ਹੈ ।

ਖੈਰ, ਮੈਂ ਹੁਣ resolution ਵਲ ਆਉਂਦਾ ਹਾਂ । ਵਜ਼ੀਰ ਸਾਹਿਬ ਨੇ ਇਨ੍ਹਾਂ ਪੰਚਾਇਤਾਂ ਬਾਰੇ ਬੜਾ ਸੋਹਣਾ ਨਕਸ਼ਾ ਖਿਚਿਆ ਹੈ ।

'ਨਕਸ਼ਾ ਦੇਖੀਏ ਸ਼ੇਖ ਜੀ ਕੁਛ ਸੋਚ ਕਰ ਪਸੇ ਦੀਵਾਰ ਕਿਆ ਹੈ ਆਪ ਕਿਆ ਜਾਨੇ ।'

ਇਨ੍ਹਾਂ ਨੇ ਜਿਹੜੀ ਤਸ਼ਰੀਹ ਇਸ resolution ਦੀ ਮੁਖਾਲਫਤ ਕਰਦੇ ਹੋਏ ਕੀਤੀ ਹੈ ਉਸ ਦੇ ਮੁਖਤਲਿਫ ਪਹਿਲੂਆਂ ਵਿਚ ਕਿਹਾ ਗਿਆ ਹੈ ਕਿ ਇਹ resolution ਵਾਪਸ ਲਿਆ ਜਾਵੇ । ਇਹ ਤਾਂ ਉਹ ਗਲ ਹੈ ਕਿ 'ਉਜ਼ਰੇ ਗੁਨਾਹ ਬਦ ਅਜ਼ ਗੁਨਾਹ' । ਪੰਚਾਇਤ ਅਫਸਰਾਂ ਨੂੰ Block Development ਦੇ ਅਫਸਰਾਂ ਨਾਲ, Agriculture ਦੇ ਮਹਿਕਮੇ ਦੇ ਅਫਸਰਾਂ ਨੂੰ ਪੰਚਾਇਤ ਅਫਸਰਾਂ ਨਾਲ ਕੰਮ ਕਰਨ ਬਾਰੇ ਕਿਹਾ ਗਿਆ ਹੈ, ਇਹ ਕਿਸ ਤਰ੍ਹਾਂ ਠੀਕ ਕਿਹਾ ਜਾ ਸਕਦਾ ਹੈ । ਏਸੇ ਤਰ੍ਹਾਂ ਇਕ District Agriculture Officer ਨੂੰ ਇਕ Registrar Co-operative Societies ਨਾਲ ਰਲਾਉਣਾ ਵੀ ਵਾਜਬ ਨਹੀਂ ਹੋ ਸਕਦਾ । Minister ਸਾਹਿਬ ਨੇ ਇਹ ਜਿਹੜਾ ਖਿਆਲ ਜ਼ਾਹਿਰ ਕੀਤਾ ਹੈ ਕਿ Development ਅਤੇ ਪੰਚਾਇਤਾਂ ਦਾ ਇਕ ਹੀ ਕੰਮ ਹੈ ਮੈਂ ਕਹਾਂਗਾ ਕਿ ਜੇ ਇਹ ਇਕੋ ਜਿਹਾ ਕੰਮ ਹੈ ਫੇਰ ਇਹ Block Development ਦਾ ਕੰਮ ਜਿਹੜਾ ਹੈ ਇਹ ਵੀ ਪੰਚਾਇਤ ਨੂੰ ਹੀ ਕਿਉਂ ਨਾ ਦਿਤਾ ਜਾਵੇ । ਇਹ ਪਿੰਡਾਂ ਦੀਆਂ ਪੰਚਾਇਤਾਂ ਇਸ ਸਰਕਾਰੀ ਮਹਿਕਮੇ ਨਾਲੋਂ ਚੰਗਾ ਕੰਮ ਕਰ ਸਕਦੀਆਂ ਹਨ ।

Mr. Speaker : I want to give time to the hon. Mover of the Resolution because it is his right. He may or may not exercise it. How much time does he want ?

चौधरी धर्म सिंह राठी : जनाब, मैं सिर्फ 5,7 मिंट लूंगा ।

चौधरी बारू राम (रजौंदड़) : स्पीकर साहिब,इस resolutionपर मुखालफत करने वाले जितने members बोले हैं उन्होंने एक दलील यह दी है कि पंचायतों को मज़बूत करने के लिये इन दोनों departments को इकट्ठा किया जा रहा है। मैं इस के जवाब में अर्ज़ करना चाहता हूं कि पंचायतें काम कौन सा नहीं करतीं। पंचायतों के जिम्मे Education का Health का और Irrigation का भी काम है । उन के पास consolidat on का भी काम है। मगर इस का मतलब यह नहीं है कि इन सब महकमों को इकट्ठा कर के कैरों साहिब को dictator बना दिया जाये। इन दो महकमों को जो इकट्ठा किया जा रहा है इस का मतलब यह है कि आज दिहात में Congress ने अपनी footing खत्म कर ली है। यह कार्रवाई महज़ इस footing को मज़बूत करने के लिये ही की जा रही है। यह इन की policy है कि इस तरह से दिहात में यह अपना कब्जा रख सकते हैं। मगर यह उन की भूल है कि अब कोई इस गंदी और सड़ी जमात में जाना भी पसंद करेगा। अब यह खत्म होने वाली है। अब यह सोचते हैं कि किसी तरह development के तहत पंचायतों को काबू में किया जाये, मगर यह बात अब चलने वाली नहीं है। यह हो सकता है कि 5-4 या और थोड़ी बहुत पंचायतें इन के पीछे हों।

दूसरे मैं यह अर्ज़ करना चाहता हूं कि 5-4 फिरके ऐसे हैं जो इन के पीछे होंगे। सिख अगर साथ होंगे तो यह भी कांग्रेस की position में चले जायेंगे और अकेले ही लड़ते रहेंगे। मैं कहता हूं कि आज पंचायतों और development blocks को इकट्ठा करने की जो नीति अपनाई जा रही है वह सिर्फ कांग्रेसियों को ओहदे देने की खातर ही अपनाई जा रही है। मुझे पता है कि जो उन्होंने committees बनाई हैं उन के chairmen कौन और कैसे हैं। कहा जाता है कि वे बड़े पुराने कांग्रेसी हैं। लेकिन मैं जानता हूं कि उन्होंने किस तरह से गलत चीज़ें कह कर और हेरा फेरी कर के अपनी qualifications बनाई हुई हैं ।

श्री अध्यक्ष : आप क्या बोल रहे हैं । It is all irrelevant. (What is the hon. Member speaking ? It is all irrelevant.)

चौधरी बारू राम : जनाब मेरा अर्ज़ करने का मतलब यह है कि क्या यह development department को Panchayats Department से इकट्ठा करके खर्च में कोई कमी कर रहे हैं? ऐसा नहीं हो सकता क्योंकि 200-250 के करीब B.D.O. होंगे। उन को jeeps देनी होंगी और उन के साथ Social Organisers होंगे। इतना staff होने पर भी यह कहते हैं कि खर्च कम हो जायेगा। 9 लाख secretaries की तनखाह पर खर्च कर देंगे। लेकिन यह कहते हैं कि 6 लाख रुपये की बचत होगी। मैं यह पूछता हूं कि हमारी National Income को जो लोग आज तक रोज़ाना खाते रहे हैं क्या आज यह इस ढंग से हमारी तरक्की करवायेंगे। फिर पंचायतों की मार्फत कौन सी तरक्की नहीं हो सकती? सिर्फ मुलाजमों की अदला बदली से ही तरक्की नहीं हो सकती। मैं तो यह कहूंगा कि इस वक्त पंचायतों को खत्म करने की इन की नीयत है। यही वजह है कि इस की मुखालफत की जाती है ।

सिर्फ एक चीज़ और कहना चाहता हूं वह यह है कि डाक्टर भार्गव साहिब ने वलवंत राये महता कमेटी की रिपोर्ट के मुताल्लिक कुछ कहा था . . . .

Mr. Speaker : Please avoid such references. It is not relevant. Try to be relevant.

चौधरी बारू राम : जो nominated element होगा वह लोगों के local interest को किस तरह represent करेगा ? डाक्टर साहिब तो nominate हो कर आए ही हैं . . . . . .

Minister for Finance : I am not a nominated member, Sir.

चौधरी बारू राम : अगर वह elected हैं तो वह किसी local body की seat से आये हैं ।

Mr. Speaker : No reflection please. आप को इस हाउस के मेंबर बने हुए 3 साल हो गये हैं । आप थोड़ा बहुत तो शान्ति से काम लें । (No reflection please.Hon Member is here for the last year. He should try to speak calmly.)

चौधरी बारू राम : मैं जनाब अर्ज़ कर रहा था कि वलवंत राय महता कमेटी ने कहा था के तमाम Secretariat की decentralisation होगी मगर यह कहीं नहीं कहा था कि पंचायतों और development का merger भी होगा । स्पीकर साहिब, यह Resolution बड़ा अहम Resolution है । इस से दिहात का तभी भला हो सकता है अगर गंदे अवसर को पंचायतों से दूर रखा जाय । जितने निक्कमे B. D. Os. इन के साथ लगेंगे वह पंचायतों को खराब ही करेंगे और corruption फैलायेंगे । इस लिये अगर पंचायतों को इस वातावरण से दूर दूर ही रहने दिया जाये तो बड़ी मेहरबानी होगी ।

चौधरी धर्म सिंह राठी (संभालका) : स्पीकर साहिब, मैं आप का ज़्यादा समय नहीं लेना चाहता । सरदार गुरबन्ता सिंह जी ने चंद एक बातें कही हैं । इन की बातों से मुझे हैरानी हुई है कि महकमे के वज़ीर भी इस किस्म की बातें कर सकते हैं । जैसा कि इन को वाक्यात का ही पता नहीं । अगर इस स्कीम को गौर से देखा जाये तो सरदार गुरबन्ता-सिंह जी ने पहले ही लिखा हुआ है कि Merger होना नहीं चाहिये । चीफ Secretary ने लिखा कि Merger ना हो । जब House में आते हैं तो सरदार साहिब यह बात कहते हैं । वरना दिल उन का मेरे साथ ही है । अगर चीफ मिनिस्टर साहिब यहां न होते तो भी यह मेरा ही साथ देते । चौधरी देवी लाल ने जो बात कही उस की सारा House मानता है कि उन्होंने सही बात कही है । उन की बात के अंदर वज़न है । आज सारा हरियाणा उन के साथ है । जो चीफ मिनस्टर साहिब ने कहा है यह उन की अपनी बात है । लेकिन जो बात डाक्टर साहिब ने कही इसे सुन कर मुझ कहना पड़ता है कि यह Resolution पास होना चाहिये क्योंकि डाक्टर साहिब ने इस की मुखालफत की है और जिस बात की डाक्टर साहिब मुखालफत करें वह तो जरूर ही पास करनी चाहिये ।

[चौधरी धर्म सिंह राठी]

यह दिहातियों के फायदे वाली बात होगी या जो पसमांदा हैं उन के ज़रूर फायदे वाली बात होगी। जो दलीलें मैम्बरान ने दी हैं उन के मुतालिलक चंदां कहने की ज़रूरत नहीं। मैम्बरान ने एक चीज़ तो यह कही है कि इस से खर्च कम हो जायेगा। यह आप अंदाज़ा लगाएं कि मिनिस्टर साहिब ने ही कहा है कि 9 लाख Secretaries को देना पड़ेगा। इस के इलावा और भी खर्चा होगा, Cultural programmes का खर्च, Social Camp Organisers का खर्च, पता नहीं और कहां कहां अभी देना होगा। Chief Minister साहिब ने भी यह बात दोहराई है कि हम तो पंचायतों को अख्तियार दे रहे हैं और पंचायत अफसर के कब्ज़ा में 50-50 गांव कर रहे हैं। अगर यह बात है तो पंचायत अफसर जिस के नीचे 50 गांव होंगे एक किस्म का ग्राम सेवक होगा। जिस को तहसील पंचायत अफसर कहा जाता है वह तो सारी तहसील का होता है। यह स्कीम को समझते ही नहीं हैं, कहते फिरते हैं कि वह तहसील पंचायत अफसर होगा। इस हाउस के साथ ऐसी बातें कह कर मज़ाक किया जाता है और गलतफहमी पैदा की जाती है। हमें बहकाने की कोशिश की जाती है। हमें कहते हैं कि resolution वापस ले लें। यह हमें बतलाएं कि इन्होंने कौन सी तसली की बात की है जिस की बिना पर resolution वापिस ले लूं। मैं कहता हूं कि यह वाकई सही resolution है और मुझे पूरा यकीन है कि समझदार कांग्रेसी इस के साथ वोट करेंगे। कहा जाता है कि सारे महकमों को इकट्ठा कर रहे हैं। पहिले पंचायत को ही तो इकट्ठा कर लो। और है क्या इकट्ठा आप का? पैप्सू के कानून अलग हैं पंजाब के कानून अलग हैं। इन का तो मतलब ही यह है कि ऐसी बातें कर के गड़बड़ घुटाला हो जाए और लोगों को सही वाक्याता का पता ही न चले। और अगर एक ही करना है तो agriculture का पुलिस का, Health का P.W.D. का महकमा एक कर दो और लगा दो सब का एक अफसर सारे पंजाब के लिये एक Secretary काफी है। इसी तरह से इतने मिनिस्टरों की भी क्या ज़रूरत है फिर एक मिनिस्टर ही काफी है। जैसा आप कहते हैं यह तो हम भी चाहते हैं, यह तो बहुत अच्छी बात है। मैं चौधरी देवी लाल की दिलेरी की बात करता हूं कि उन्होंने न सिर्फ मेरे ख्याल की बल्कि सारे हरियाणा की तरजमानी की। उन्होंने यह बात कह कर बहादुरी का काम किया है और एक बहुत बड़ी दिलेरी की बात की है। मैं यह भी जानता हूं कि वह वोट भी हमारे साथ ही करेंगे। मैं ज़्यादा न कहते हुए आप की मार्फत हाउस को यह कहना चाहता हूं कि इस resolution को पास करें।

वित मंत्री : मैं पूछना चाहता हूं कि चौधरी धर्म सिंह राठी की loyalty देवी लाल जी से है या कि पंडित श्री राम शर्मा से।

Mr. Speaker : Question is—

This Assembly recommends to the Government that the Panchayat Department be not amalgamated with the Development Department of the State as in its opinion such merger would hamper the progress and growth of the Panchayat system in the State.

After ascertaining the votes of the House by voices, Mr. Speaker said, "I think the Noes have it". This opinion was challenged and division was claimed. Mr. Speaker, after calling upon those members who challenged the decision and supported the claim for a division, to rise in their places, declared that the division was unnecessarily claimed.

The motion was declared lost.

RESOLUTION

II. REGARDING SETTING UP OF AN EDUCATIONAL FINANCIAL CORPORATION IN THE STATE

Shri Ram Piara (Karnal) : Sir, I beg to move—

This Assembly recommends to the Government to set up an Educational Financial Corporation in the State for purposes of advancing loans to the intelligent but poor students who secure 1st Division in Matric and have not the means to prosecute their further studies, to enable them to receive eduation, such loans being recoverable when the loanees after completing their education got employed.

मैं जनाब इतना कहना चाहता हूं कि अगर university के पिछले तीन चार साल के results उठा कर देखे जाएं तो पता चलेगा कि बहुत से students ऐसे हैं जिन को यूनिवर्सिटी का scholarship मिला है लेकिन वे गरीबी की वजह से कालेज join नहीं कर सके। अब देखने की बात यह है कि यहां पर हजारों नहीं लाखों करोड़ों रुपए खर्च किये जा रहे हैं पर ऐसे students वास्ते कुछ नहीं जिन के लिए कहा जाता है कि student of to-day is a leader of tomorrow.

आज जो लड़के पढ़ रहे हैं वह कल के हिन्दुस्तान के निर्माण करने वाले हैं, Administrator हैं। अगर सरकार इधर ध्यान दे तो इन भविष्य में होने वाले नेताओं की बेहतरी हो सकती है। यहां पर technical education के लिये loan provide किया गया है, मैं कहता हूं कि जब माली हालात खराब होने के कारण वह लड़के F.Sc. ही नहीं कर सकते तो आगे technical education लेने का सवाल ही पैदा नहीं होता। फिर loan क्या करेगा ? और हालात कुछ बड़े ही अजीब हैं। अगर गौर से देखा जाए तो यह देखने में आता है कि third divisioner वाले तो foreign countries में जाते हैं जो हिन्दुस्तान का impression खराब करते हैं लेकिन जो वजीफा पाने वाले विद्यार्थी हैं उन को आगे पढ़ने का ही मौका नहीं मिलता जो कि देश का नाम भी रोशन कर सकते हैं। इस लिये मैं यह दरखास्त करता हूं कि जो लड़के होशियार हैं, जहीन हैं उन को loan मिलना चाहिए, ताकि वे आगे पढ़ सकें और अन्त में सर्विस में आने के बाद वह उस loan को लौटा सकें यह provision होना चाहिए। (*Shri Ram Piara was still on his legs when the time for the transaction of non-official business was over.*)

BILLS

THE PUNJAB PUBLIC PREMISES AND LAND (EVICTION AND RENT RECOVERY) BILL, 1959 (RESUMPTION OF DISCUSSION)

Mr. Speaker : Now the House will resume discussion on the motion that the Punjab Public Premises and Land (Eviction and Rent Recovery) Bill be taken into consideration at once.

Shri Rup Singh 'Phul' was on his legs yesterday when the House adjourned. He may resume his speech.

Shri Rup Singh 'Phul' (Hamirpur Reserved) : Sir, I was on my legs when the House adjourned yesterday.

Mr. Speaker : Your speech will be bilingual. The other day you were speaking in Hindi.

Shri Rup Singh 'Phul': Yes, Sir, I will speak in English today. The other day, I was opposing the Bill. The reasons for my opposing this Bill are that (1) it will work as an engine of oppression upon the public, (2) it will give rise to multifarious litigation between the Government on the one side and the public on the other and (3) it will throw the people who are going to be affected under the oppression of this Bill at the mercy of the village Patwari who is so well-known for his nefarious activities. Therefore, Sir, in my opinion and in the opinion of the majority of the Members of the House—although they may not speak against it under some discipline—this Bill should not be passed in such a hasty manner, because it is going to affect adversely the common man.

The definition of 'public premises' as given in Clause 2(d) is—

> 'Public Premises' means any premises belonging to, or taken on lease or requisitioned by, or on behalf of, the State Government, or requisitioned by the competent authority under the Punjab Requisitioning and Acquisition of Immovable Property Act, 1953, and includes any premises belonging to any district board, municipal committee, notified area committee or panchayat."

From this, Sir, we can easily deduce that certain properties—whether they are landed properties or they are buildings—which were owned or occupied by the Government from times immemorial, but which were in the ownership or occupation of some of the people are being requisitioned or acquired by the Government. That means, Sir, that firstly it was in the ownership or occupation of the public or some of the people from whom the Government acquired it. But there may be certain properties with respect to the people inhabiting the vicinity thereof who have been in the occupation of that property prior to the acquiring of that property by the Government. The method for their eviction is a novel one and that has been prescribed by taking recourse to the provisions contained in this Bill neglecting the provisons contained in the Civil Procedure Code. Why is this discriminatory treatment now being brought into being so far as the method of eviction is to be adopted in favour of the Government ? From this, we can conclude that the Government wants to favour its ownself neglecting the interests of the public.

